ੴ ਸਤਿਗੁਰ ਪ੍ਰਸਾਦਿ ॥


ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥

# ਭਾਈ ਘਨੱਈਆ ਸੇਵਾ ਜੋਤੀ

ਅਪ੍ਰੈਲ 2009


www.sewapanthi.com

e-mail : mt.kahansingh@naonidh.com

ਸੇਵਾ, ਸਿਮਰਨ, ਸਾਦਗੀ ਤੇ ਪਰਉਪਕਾਰ ਦੀ ਮੂਰਤ

ਬ੍ਰਹਮਗਿਆਨੀ ਮਹੰਤ ਭਾਈ ਗੁਲਾਬ ਸਿੰਘ ਜੀ

(1871 ਈ: - 1950 ਈ:)



ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ'


## ਟਿਕਾਣਾ ਭਾਈ ਜਗਤਾ ਜੀ ਸਾਹਿਬ

ਗੋਨਿਆਣਾ ਮੰਡੀ, ਜਿਲ੍ਹਾ ਬਠਿੰਡਾ (ਪੰਜਾਬ)

ਫੋਨ: 0164-2262012, 2262051

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

ਗੋਨਿਆਣਾ ਭਾਈ ਜਗਤਾ ਵਿਖੇ

## ਸੇਵਾ ਪੰਥੀ ਮਹਾਂਪੁਰਖਾਂ ਦੀਆਂ ਸਾਲਾਨਾ ਬਰਸੀਆਂ

ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਹੇਠ ਲਿਖੇ ਅਨੁਸਾਰ ਮਨਾਈਆਂ ਜਾਣਗੀਆਂ




ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਭਾਈ ਸੁਹੇਲ ਸਿੰਘ 'ਸੇਵਾ ਪੰਥੀ' ਦੀ

## 60ਵੀਂ ਸਾਲਾਨਾ ਬਰਸੀ

ਮਿਤੀ 16, 17, 18 ਅਪ੍ਰੈਲ 2009

ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ

ਨਵੀਂ ਬਸਤੀ ਗੋਨਿਆਣਾ ਮੰਡੀ ਵਿਖੇ



ਸੱਚ-ਖੰਡ ਵਾਸੀ

ਸ਼੍ਰੀਮਾਨ ਮਹੰਤ ਭਾਈ ਗੁਲਾਬ ਸਿੰਘ 'ਸੇਵਾ ਪੰਥੀ' ਦੀ

## 59ਵੀਂ ਸਾਲਾਨਾ ਬਰਸੀ

ਅਤੇ



ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਦੀ

ਛੇਵੀਂ ਯਾਦ ਦੋਵੇਂ ਸਮਾਗਮ ਇੱਕ ਸਾਥ

ਮਿਤੀ 18, 19, 20 ਅਪ੍ਰੈਲ 2009

ਟਿਕਾਣਾ ਭਾਈ ਜਗਤਾ ਜੀ ਸਾਹਿਬ

ਗੋਨਿਆਣਾ ਮੰਡੀ ਵਿਖੇ ਮਨਾਏ ਜਾ ਰਹੇ ਹਨ

ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 25ਵਾਂ | ਅੰਕ : ਚੌਥਾ | ਅਪ੍ਰੈਲ 2009 | ਕੀਮਤ : ਅਮੁੱਲ



ਫਾਂਊਡਰ : ਸਚਿਖੰਡਵਾਸੀ ਮਹੰਤ ਤੀਰਥ ਸਿੰਘ 'ਸੇਵਾ ਪੰਥੀ',

ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ', ਫੋਨ:0164-2262012, ਮੋਬਾ: 98140-04503, e-mail:mt:kahansingh@naonidh.com

ਸਰਪ੍ਰਸਤ : ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਫੋਨ : 2262276, ਮੋਬਾ: 98140-35191
ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ
ਸ੍ਰ: ਤ੍ਰਿਲੋਚਣ ਸਿੰਘ 'ਸੇਠੀ', ਮੁੰਬਈ।

ਮੁੱਖ ਸਲਾਹਕਾਰ : ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142
ਸ:ਹਰਵਿੰਦਰ ਸਿੰਘ 'ਟੀਟੂ', ਹਰੀ ਨਗਰ, ਦਿੱਲੀ ਮੋਬਾ:98100-89645
ਸ: ਗੁਰਬਚਨ ਸਿੰਘ ਚੱਢਾ ਲੰਡਨ (U.K.), ਸ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ
ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98552-06378
ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ.ਐਸ. ਬਜਾਜ ਦਿੱਲੀ,
ਸ੍ਰ: ਜਸਪਾਲ ਸਿੰਘ, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

**ਸੰਪਾਦਕੀ ਬੋਰਡ**
ਫਾਂਊਡਰ ਇੰਟਰਨੈਟ ਐਡੀਟਰ : ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' Ph.2262152,Mob.98140-75504
ਇੰਚਾਰਜ ਜਨਰਲ ਦਫਤਰ : ਸਤੀਸ਼ ਸ਼ਾਹਣੀ Mob. 98884-00061, Ph. 2262051 (O)
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ', ਗੁਰਮੀਤ ਕੌਰ 'ਮੀਤ'


## ਤਤਕਰਾ


| ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਵੈਸਾਖਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਵਿਸ਼ੇਸ਼ ਸੰਦੇਸ਼ ਪ੍ਰੋਗਰਾਮ ਸਾਲਾਨਾ ਸਮਾਗਮ | ਮਹੰਤ ਕਾਹਨ ਸਿੰਘ ਸੇਵਾ ਪੰਥੀ | 4 |
| ਪ੍ਰੋਗਰਾਮ ਸਾਲਾਨਾ ਸਮਾਗਮ ਤੇ ਉਦਘਾਟਨ ਸੰਗੀਤ ਵਿਦਿਆਲਾ | ਬਾਵਾ ਹਰਪਾਲ ਦਾਸ ਕਲਾਨੌਰ | 6 |
| ਅਨਮੋਲ ਬਚਨ | ਸਤੀਸ਼ ਸ਼ਾਹਣੀ | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਮਹੰਤ ਜੀ) | ਮੈਨੇਜਰ ਜਗਦੇਵ ਸਿੰਘ ਮੱਕੜ | 8 |
| ਕਥਾ ਸੁਖਮਨੀ ਸਾਹਿਬ (ਲੜੀਵਾਰ) | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 9 |
| ਕਥਾ ਗਉੜੀ ਬਾਵਨ ਅਖਰੀ ਮਹਲਾ ੫ (ਲੜੀਵਾਰ) | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ | ਸਤਨਾਮ ਸਿੰਘ ਖਾਲਸਾ ਐਡਵੋਕੇਟ | 13 |
| ਚਿੱਠੀ ਲਿਖੀ : ਸਿੱਖ ਬੱਚੇ ਨੂੰ | ਡਾ. ਬ੍ਰਿਜਪਾਲ ਸਿੰਘ | 17 |
| ਭਗਤ ਧੰਨਾ ਜੀ | ਅਬਨਾਸ਼ੀ ਸਿੰਘ | 21 |
| ਆਦਿ ਗ੍ਰੰਥ (ਜੀ) ਵਿੱਚ ਭਗਤਾਂ ਤੇ ਭੱਟਾਂ ਦੀ ਬਾਣੀ | ਪ੍ਰੋ: ਹਰੀ ਸਿੰਘ | 23 |
| ਵੈਸਾਖੀ ਤੇ ਖ਼ਾਲਸੇ ਦਾ ਜਨਮ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 28 |
| ਮਹੰਤ ਭਾਈ ਗੁਲਾਬ ਸਿੰਘ ਜੀ | ਸਵ: ਪ੍ਰਿੰ: ਭਗਤ ਸਿੰਘ 'ਹੀਰਾ' | 33 |
| ਸੰਤ ਭੁਪਿੰਦਰ ਸਿੰਘ ਜੀ ਸੇਵਾ-ਪੰਥੀ | ਕਰਨੈਲ ਸਿੰਘ ਐਮ. ਏ. | 39 |
| ਵਰ-ਘਰ | ਸਿਲਵੰਤ ਕੌਰ | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਵੈਸਾਖਿ

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੇ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

| ਸੰਮਤ ਬਿਕ੍ਰਮੀ | 2066 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪੂਰਨਮਾਸ਼ੀ | 9 ਅਪ੍ਰੈਲ |
|---|---|---|---|---|
| ਸੰਮਤ ਨਾਨਕਸ਼ਾਹੀ | 541 | | ਸੰਗ੍ਰਾਂਦ | 13 ਅਪ੍ਰੈਲ |
| ਸੰਮਤ ਖਾਲਸਾ | 310-311 | ਅਪ੍ਰੈਲ 2009 | ਮੱਸਿਆ | 25 ਅਪ੍ਰੈਲ |
| ਸੰਮਤ ਸਾਕਾ | 1931 | | ਪੰਚਮੀ | 29 ਅਪ੍ਰੈਲ |

| ਵਿਸ਼ੇਸ਼ ਤਿੱਥ ਤਿਉਹਾਰ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ ਪ੍ਰਕਾਸ਼ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 26 ਅਪ੍ਰੈਲ | 18 ਅਪ੍ਰੈਲ |
| ★ ਅਵਤਾਰ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ | 16 ਅਪ੍ਰੈਲ | ------- |
| ★ ਅਵਤਾਰ ਪੁਰਬ ਸ੍ਰੀ ਗੁਰੂ ਤੇਗ਼ ਬਹਾਦਰ ਜੀ | 14 ਅਪ੍ਰੈਲ | 16 ਅਪ੍ਰੈਲ |
| ★ ਗੁਰਿਆਈ ਸ੍ਰੀ ਗੁਰੂ ਅਮਰਦਾਸ ਜੀ | ------- | 16 ਅਪ੍ਰੈਲ |
| ★ ਗੁਰਿਆਈ ਸ੍ਰੀ ਗੁਰੂ ਤੇਗ਼ ਬਹਾਦਰ ਜੀ | 7 ਅਪ੍ਰੈਲ | 16 ਅਪ੍ਰੈਲ |
| ★ ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ | ------- | 16 ਅਪ੍ਰੈਲ |
| ★ ਜੋਤੀ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ | 7 ਅਪ੍ਰੈਲ | 16 ਅਪ੍ਰੈਲ |
| ★ ਬੈਂਕ ਹਾਲੀ-ਡੇ | 1 ਅਪ੍ਰੈਲ | 1 ਅਪ੍ਰੈਲ |
| ★ ਨਵਰਾਤਰੇ ਸਮਾਪਤ | 3 ਅਪ੍ਰੈਲ | ------- |
| ★ ਸ੍ਰੀ ਮਹਾਵੀਰ ਜਯੰਤੀ (ਜੈਨ) | 7 ਅਪ੍ਰੈਲ | ------- |
| ★ ਜਨਮ ਸਾਹਿਬਜਾਦਾ ਜੁਝਾਰ ਸਿੰਘ ਜੀ | 9 ਅਪ੍ਰੈਲ | 9 ਅਪ੍ਰੈਲ |
| ★ ਗੁੱਡ ਫਰਾਈਡੇ | 10 ਅਪ੍ਰੈਲ | ------- |
| ★ ਵੈਸਾਖੀ (ਖ਼ਾਲਸਾ ਸਾਜਨਾ ਦਿਵਸ) | 13 ਅਪ੍ਰੈਲ | 14 ਅਪ੍ਰੈਲ |
| ★ ਪ੍ਰਕਾਸ਼ ਉਤਸਵ ਸ਼੍ਰੋਮਣੀ ਭਗਤ ਧੰਨਾ ਜੱਟ | 20 ਅਪ੍ਰੈਲ | ------- |

ਸੰਪਾਦਕੀ

# ਰਾਜ ਕਰੇਗਾ ਖ਼ਾਲਸਾ

ਉਹ ਕਿਹੜਾ ਖਾਲਸਾ ਹੈ ਜੋ ਰਾਜ ਕਰੇਗਾ ? ਇਹ ਪ੍ਰਸ਼ਨ ਸੱਭ ਦੇ ਮਨਾਂ ਵਿੱਚ ਉੱਠਦਾ ਹੈ। ਉੱਤਰ-ਰਾਜ ਉਹ ਹੀ ਖ਼ਾਲਸਾ ਕਰੇਗਾ ਜਿਹੜਾ ਖ਼ਾਲਸਾ ਗੁਣਾਂ ਦਾ ਧਾਰਨੀ ਹੋਵੇਗਾ। ਉਹ ਖ਼ਾਲਸਾ ਜੋ ਕਿਸੇ ਰਾਜ-ਤਖ਼ਤ ਦਾ ਭੁੱਖਾ ਨਾ ਹੋਵੇਗਾ। ਉਹ ਖ਼ਾਲਸਾ ਜੋ ਕਿਸੇ ਨਿਰਧਨ ਨੂੰ ਪਾਲਣ ਵਾਲਾ ਹੋਵੇਗਾ। ਉਹ ਖ਼ਾਲਸਾ ਜੋ ਦਇਆਵਾਨ ਤੇ ਧਰਮੀ ਹੋਵੇਗਾ। ਉਹ ਖ਼ਾਲਸਾ ਜੋ ਹਿੰਮਤੀ ਤੇ ਸਾਹਸੀ ਹੋਵੇਗਾ। ਉਹ ਖ਼ਾਲਸਾ ਜੋ ਕਾਮ, ਕ੍ਰੋਧ ਲੋਭ, ਮੋਹ, ਹੰਕਾਰ ਦੀ ਮੈਲ ਤੋਂ ਰਹਿਤ ਹੋਵੇਗਾ। ਉਹ ਖ਼ਾਲਸਾ ਜੋ ਲੋਕ ਲਾਜ ਤੋਂ ਉਪਰ ਹੋਵੇਗਾ। ਉਹ ਖ਼ਾਲਸਾ ਜੋ ਸਾਸ-ਸਾਸ ਸਿਮਰਨ ਵਾਲਾ ਅਤੇ ਜਿਸ ਦੇ ਸਿਰ ਤੇ ਅਕਾਲ ਪੁਰਖ ਦਾ ਹੱਥ ਹੋਵੇਗਾ। ਉਹ ਖ਼ਾਲਸਾ ਜਿਸ ਦਾ ਮਨ ਮਾਲਕ ਦੇ ਸ਼ੁਕਰਾਨੇ ਵਿੱਚ ਅਤੇ ਆਤਮਿਕ ਅਡੋਲਤਾ ਕਰਕੇ ਸਿਦਕ ਦੀਆਂ ਪੌੜੀਆਂ ਉਪਰ ਪੈਰ ਧਰੇਗਾ।

ਅਖੌਤੀ ਖ਼ਾਲਸੇ, ਬਹਿਰੂਪੀਏ, ਕੁਰਸੀਆਂ ਦੇ ਭੁੱਖੇ, ਗੁਰੂ ਦੀ ਗੋਲਕ ਦੇ ਲੋਭੀ, ਆਪਣੇ ਵਿਕਾਰ ਤੇ ਤ੍ਰਿਸ਼ਨਾ ਦੇ ਭੁੱਖੇ ਜਦੋਂ ਅਜਿਹਾ ਸੱਚਾ ਖ਼ਾਲਸਾ ਸੰਸਾਰ ਦੇ ਮੈਦਾਨ ਵਿੱਚ ਜਦੋਂ ਗੱਜੇਗਾ ਤਦੋਂ ਇਹ ਕੱਚੇ-ਪਿੱਲੇ ਆਪਣੀਆਂ ਸਫਾਂ ਆਪੇ ਹੀ ਲਪੇਟ ਕੇ ਕਾਇਰਾਂ ਦੀ ਤਰ੍ਹਾਂ ਭਾਜ ਖਾ ਜਾਣਗੇ। ਚੋਰ, ਯਾਰ, ਲੁਟੇਰੇ ਨਹੀਂ ਰਹਿਣਗੇ, ਬੇਮੁੱਖ ਖੁਆਰ ਹੋ ਕੇ ਸ਼ਰਨ ਆ ਜਾਣਗੇ। ਗਦਾਰ ਆਪਣੀਆਂ ਕਰਨੀਆਂ ਦੇ ਫਲ ਭੁਗਤਕੇ ਪਚ-ਪਚ ਕੇ ਮਰਨਗੇ। ਖ਼ਾਲਸਾ ਜੀ ਦੇ ਰਾਜ ਦਾ ਕਾਨੂੰਨ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ੧੬੬੧ ਵਿੱਚ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਹੋ ਚੁਕਿਆ ਹੈ। ਪੂਰਨ ਗੁਰਸਿੱਖ ਜਿਸ ਦੀ ਪੈਰੋਕਾਰੀ ਕਰ ਰਹੇ ਹਨ। ਸ਼ਰਧਾਵਾਨਾਂ ਨੂੰ ਸ਼ਬਦ ਰੂਪ ਗੁਰੂ ਹੋ ਕੇ ਉਪਦੇਸ਼ ਦੇ ਰਿਹਾ ਹੈ। ਜਿਸ ਦੀ ਬਾਣੀ ਅੰਮ੍ਰਿਤ ਰੂਪ ਹੈ, ਤਪਦੇ ਹਿਰਦੇ ਨੂੰ ਠਾਰ ਰਹੀ ਹੈ। ਦੇਵ ਰੂਹਾਂ ਦਾ ਸਤਿਸੰਗ ਇਸਦੇ ਚੌਗਿਰਦੇ ਨਿਤ ਹੋ ਰਿਹਾ ਹੈ। ਚਾਰੇ ਵਰਣ ਨਮਸਕਾਰ ਕਰਦੇ ਹਨ। ਸ਼ਰਧਾ ਨਾਲ ਸੇਵਾ ਕਰਨ ਵਾਲਿਆਂ ਨੂੰ ਦਰਗਾਹ ਮੁਕਤ ਪਦਾਰਥ ਅਤੇ ਮਨੋਕਾਮਨਾ ਦਾ ਪ੍ਰਸ਼ਾਦਿ ਮਿਲ ਰਿਹਾ ਹੈ।

ਉਹ ਖ਼ਾਲਸਾ ਤਾਂ ਸਦੀਵੀ ਦੁਨੀਆਂ ਦੇ ਦਿਲਾਂ ਦੇ ਤਖ਼ਤ ਉਪਰ ਸਦਾ ਹੀ ਰਾਜ ਕਰ ਰਿਹਾ ਹੈ। ਰਾਜ ਉਹ ਹੀ ਸੱਚਾ ਹੈ ਜੋ ਕਦੇ ਨਾਸ਼ ਨਹੀਂ ਹੁੰਦਾ ਉਹ ਸਦਾ ਅੱਚਲ, ਅਵਨਾਸ਼ੀ ਰਾਜ ਗੁਰੂ ਨਾਨਕ ਖ਼ਾਲਸਾ ਅੱਜ ਦੀ ਦੁਨੀਆਂ ਦੇ ਦਿਲ ਦੇ ਸਿੰਘਾਸਨ ਤੇ ਬੈਠਾ ਅਟੱਲ ਰਾਜ ਕਰ ਰਿਹਾ ਹੈ। ਭਗਤ ਕਬੀਰ ਜੀ ਦਾ ਖ਼ਾਲਸਾ, ਹੋਰ ਭਗਤ ਜਨ ਤੇ ਮਹਾਂਪੁਰਖ ਸੰਸਾਰ ਦੇ ਅਵਿਨਾਸ਼ੀ ਰਾਜੇ ਹਨ। ਜਦੋਂ ਅਧਰਮ ਉਠ ਜਾਵੇਗਾ ਸੱਚ ਦਾ ਬੋਲ ਬਾਲਾ ਹੋਵੇਗਾ। ਜੜ੍ਹ ਚੇਤਨ ਵਿੱਚ ਰਸ ਮਸਤੀ ਵਿੱਚ ਨਾਮ ਜਪੇਗਾ। ਅਦਾਲਤਾਂ ਵਿੱਚ ਇਨਸਾਫ ਮਿਲੇਗਾ। ਸੱਚ ਸਤਿ ਦੀ ਅਗਵਾਈ ਕਰੇਗਾ ਤੇ ਕੂੜ ਨਿਖੁਟ ਜਾਵੇਗਾ। ਅੰਨ-ਧੰਨ ਬੇਅੰਤ ਹੋਵੇਗਾ। ਸੁੱਕੇ ਬੂਟੇ ਹਰੇ ਹੋਣਗੇ ਹਰ ਦਿਸ਼ਾ ਵਿੱਚ ਫਤਹਿ ਦਾ ਡੰਕਾ ਵਜੇਗਾ। ਜ਼ਮੀਨ, ਅਸਮਾਨ ਪਤਾਲਾਂ ਵਿੱਚ ਨਿਰਮਲ ਹਵਾਵਾਂ ਵਗਣੀਆਂ ਤਦ :-

ਰਾਜ ਕਰੇਗਾ ਖਾਲਸਾ ਆਕੀ ਰਹੈ ਨ ਕੋਇ ॥
ਖੁਆਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ ॥

ਖ਼ਾਲਸਾ ਸ਼ਬਦ ਦੇ ਅਰਥ : ਉਹ ਖ਼ਾਲਸਾ ਜਿਸ ਉਤੇ ਕਿਸੇ ਦਾ ਕਰਜ਼ਾ ਨਹੀਂ ਜੋ ਕਿਸੇ ਦਾ ਮੁਹਤਾਜ ਨਹੀਂ, ਜੋ ਸੁੱਤੇ ਸਿਧ ਸਤਿਚਿਤ ਅਨੰਦ ਰੂਪ ਵਿੱਚ ਮਹਾਨ ਹੈ ਜੋ ਅਕਾਲ ਦਾ ਸਬੰਧੀ ਹੈ।

ਖ਼ਾਲਸਾ ਮੇਰੋ ਰੂਪ ਹੈ ਖਾਸ ॥
ਖ਼ਾਲਸੇ ਮਹਿ ਹਉ ਕਰਉ ਨਿਵਾਸ ॥ (ਸਰਬ ਲੋਹ ਗ੍ਰੰਥ)

ਉਪਾਸ਼ਕ,
ਚਮਨ ਸਿੰਘ 'ਚਮਨ'
ਮੁੱਖ ਸੰਪਾਦਕ

ੴ ਸਤਿਗੁਰ ਪ੍ਰਸਾਦਿ ॥

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਸ਼੍ਰੀਮਾਨ ਗੁਰਮੁਖ ਪਿਆਰੇ ਪਰਮ ਸਨੇਹੀ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

ਟਿਕਾਣਾ ਸਾਹਿਬ ਵੱਲੋਂ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਸ਼ੁੱਭ ਅਸੀਸਾਂ ।

ਅੱਗੇ ਆਪ ਜੀ ਨੂੰ ਵਿਦਿਤ ਹੋਵੇ ਕਿ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਦੇ ਸੰਸਥਾਪਕ, ਸੇਵਾ ਸਿਮਰਨ, ਸਾਦਗੀ ਤੇ ਪਰਉਪਕਾਰ ਦੀ ਮੂਰਤ **ਸ਼੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ 'ਸੇਵਾ ਪੰਥੀ' ਦੀ 59ਵੀਂ ਬਰਸੀ ਅਤੇ ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ'ਦੀ ਛੇਵੀਂ ਪਾਵਨ ਯਾਦ** ਮਿਤੀ 18,19 ਤੇ 20 ਅਪ੍ਰੈਲ 2009 ਦਿਨ ਸ਼ਨੀਵਾਰ, ਐਤਵਾਰ ਤੇ ਸੋਮਵਾਰ ਨੂੰ ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ ।

ਸੋ ਸੇਵਾ ਕਮਾਉਣ, ਗੁਰੂ ਜਸ ਸੁਣਣ ਤੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦਾ ਸੁਭਾਗ ਸਮਾਂ ਹੈ । ਸਰਬੱਤ ਨੇ ਪਰਿਵਾਰ ਸਹਿਤ ਲਾਭ ਉਠਾਉਣਾ ।

ਸਾਧ-ਸੰਗਤ ਦੇ ਦਾਸ :

(ਸੰਤ) ਰਣਜੀਤ ਸਿੰਘ 'ਸੇਵਾ ਪੰਥੀ'
ਮੋਬਾਇਲ : 98140-35191

(ਸੰਤ) ਹਰਪਾਲ ਸਿੰਘ 'ਸੇਵਾ ਪੰਥੀ'
(ਸੰਤ) ਜਗਜੀਤ ਸਿੰਘ 'ਭਾਈਆ'
ਮੋਬਾਇਲ : 98140-90142

(ਮਹੰਤ) ਕਾਹਨ ਸਿੰਘ
'ਸੇਵਾ ਪੰਥੀ'
ਟਿਕਾਣਾ ਭਾਈ ਜਗਤਾ ਜੀ ਸਾਹਿਬ,
(ਨੂਰਪੁਰ ਥਲ)
ਮੋਬਾਇਲ : 98140-04503

# ਟਿਕਾਣਾ ਭਾਈ ਜਗਤਾ ਜੀ ਸਾਹਿਬ

## ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਫ਼ੋਨ : 0164-2262012 (ਨਿਵਾਸ), 2262051 (ਦਫ਼ਤਰ)

### ਵਿਸ਼ੇਸ਼ ਸੂਚਨਾ

ਭਾਈ ਲਖਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ ਗੁ: ਸੰਤ ਭਾਈ ਸੁਹੇਲ ਸਿੰਘ ਵਿਖੇ ਮਿਤੀ 17-4-09 ਨੂੰ ਰਾਤ ਦੇ ਦੀਵਾਨ ਤੇ ਮਿਤੀ 18-4-09 ਨੂੰ ਸਵੇਰ ਦੇ ਦੀਵਾਨ ਵਿੱਚ ਕੀਰਤਨ ਕਰਨਗੇ ਅਤੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਮਿਤੀ 19-4-09 ਨੂੰ ਰਾਤ ਦੇ ਦੀਵਾਨ ਤੇ ਮਿਤੀ 20-4-09 ਨੂੰ ਸਵੇਰ ਦੇ ਦੀਵਾਨ ਵਿੱਚ ਕੀਰਤਨ ਕਰਨਗੇ।

ਸ੍ਰੀ ਬ੍ਰਹਮ ਮੁਨੀ ਜੀ ਜਲਾਲ ਵਾਲੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਮਿਤੀ 19-4-09 ਨੂੰ ਸਵੇਰ ਅਤੇ ਰਾਤ ਦੇ ਦੀਵਾਨ ਤੇ ਮਿਤੀ 20-4-09 ਨੂੰ ਸਵੇਰ ਦੇ ਦੀਵਾਨ ਵਿੱਚ ਕਥਾ ਕਰਨਗੇ।

## १उंकार सतिगुरु प्रसादि ।।

## होए एकत्र मिलहु मेरे भाई दुबिधा दूरि करहू लिव लाए ।।

श्रीमान गुरमुख प्यारे परम स्नेही जी ।

वाहिगुरु जी का खालसा ।।

वाहिगुरु जी की फतेह ।।

टिकाना साहिब की ओर से गुरु घर की खुशियां प्राप्त करने के लिए शुभ आर्शीवाद ।

आगे आप सबको सूचित किया जाता है कि टिकाना भाई जगता जी साहिब गोर्नियाना के संस्थापक, सेवा, सिमरण, सांदगी और परोपकार की मूँर्त श्रीमान महंत भाई गुलाब सिंह जी 'सेवा पंथी' की 59वीं बरसी और संत भुपिन्द्र सिंह जी 'सेवा पंथी' की छटी याद में तिथि 18, 19, व 20 अप्रैल 2009 दिन शनिवार, रविवार और सोमवार को बड़े प्रेम, श्रद्धा व उत्साह के साथ मनाई जा रही है ।

सो सोवा करने, गुरु यश सुनने तथा महांपुरुषों के दर्शन करने का सौभग्यशाली समय है । अतः समस्त परिवार शामिल होकर लाभ उठाऐं ।

साध संगत के दास :

(महंत) काहन सिंह 'सेवा पंथी'
टिकाना भाई जगता जी साहिब
(नूरपुर थल),
मो. 98140-04503

(संत) रणजीत सिंह 'सेवा पंथी'
मो. 98140-35191

(संत) हरपाल सिंह 'सेवा पंथी'

(संत) जगजीत सिंह 'भाईया'
मो. 98140-90142

# टिकाना भाई जगता जी साहिब

गोनियाना मंडी (बठिण्डा, पंजाब)

फोन नं : 0164-2262012 (निवास), 2262051 (दफ्तर)

ੴ ਸਤਿਗੁਰ ਪ੍ਰਸਾਦਿ ॥
ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਏ ॥

## ਸਾਲਾਨਾ ਪੰਜਵਾਂ ਯੱਗ-ਸਮਾਗਮ ਅਤੇ ਉਦਘਾਟਨ ਸਮਾਰੋਹ

ਮਿਤੀ 14,15,16 ਅਪ੍ਰੈਲ 2009 ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਨੂੰ ਬੜੇ ਉਤਸਾਹ, ਸ਼ਰਧਾ ਤੇ ਪ੍ਰੇਮ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਉੱਚ ਕੋਟੀ ਦੇ ਮਹਾਂਪੁਰਸ਼ ਗੁਣੀ ਗਿਆਨੀ ਅਤੇ ਗੁਰੂ ਘਰ ਦੇ ਕੀਰਤਨੀਏ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ । ਸੋ ਆਪ ਜੀ ਉਪਰੋਕਤ ਪ੍ਰੋਗਰਾਮ ਅਨੁਸਾਰ ਸਤੀ ਬਾਵਾ ਪ੍ਰੇਮ ਦਾਸ ਆਸ਼ਰਮ ਹਰਿਦੁਆਰ ਵਿਖੇ ਪਹੁੰਚ ਕੇ ਅਤੇ ਸੰਗੀਤ ਵਿਦਿਆਲਾ ਦੇ ਉਦਘਾਟਨੀ ਸਮਾਰੋਹ ਤੇ ਪਹੁੰਚ ਕੇ ਸੰਤਾਂ, ਮਹਾਂਪੁਰਸ਼ਾਂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।

ਸਥਾਨ :
ਸਤੀ ਬਾਵਾ ਪ੍ਰੇਮ ਦਾਸ ਜੀ ਆਸ਼ਰਮ,
ਸੁਖੀ ਨਦੀ ਕੇ ਪਾਰ, ਆਸਥਾ ਧਾਮ ਕੇ ਪੀਛੇ,
ਹਰਿਦੁਆਰ , ਫੋਨ: 01334-262153

ਸਾਧ ਸੰਗਤ ਦਾ ਦਾਸ :
ਬਾਵਾ ਹਰਪਾਲ ਦਾਸ ਜੀ
ਟਿਕਣਾ ਲਊ ਵਾਲਾ, ਕਲਾਨੌਰ, ਪਾਣੀਪਤ
Ph. 92155-60178, 94160-60178

---

ੴ ਸਤਿਗੁਰ ਪ੍ਰਸਾਦਿ ॥
ਕੋਟ ਪਰਾਧ ਸਾਧ ਸੰਗ ਮਿਟੈ ॥ ਸੰਤ ਕਿਰਪਾ ਤੇ ਜਮ ਤੇ ਛੂਟੇ ॥

## ਬ੍ਰਹਮ ਗਿਆਨੀ, ਵਿੱਦਿਆਦਾਨੀ ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ' ਦੀ ਪਹਿਲੀ ਸਾਲਾਨਾ ਮਿੱਠੀ ਯਾਦ

ਗੁਰਦੁਆਰਾ ਐਮ.ਐਸ. ਬਲਾਕ, ਹਰੀ ਨਗਰ, ਨਵੀਂ ਦਿੱਲੀ-64 ਵਿਖੇ
ਮਿਤੀ 24,25 ਤੇ 26 ਅਪ੍ਰੈਲ 2009 ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ

### ਵਿਸ਼ੇਸ਼ ਗੁਰਮਤਿ ਸਮਾਗਮ

ਹੋਵੇਗਾ। ਜਿਸ ਵਿੱਚ ਗੁਰੂ ਘਰ ਦੇ ਮਹਾਨ ਕੀਰਤਨੀਏ, ਸੇਵਾ ਪੰਥੀ ਮਹਾਂਪੁਰਸ਼ ਅਤੇ ਕਥਾ ਵਾਚਕ, ਅੰਮ੍ਰਿਤ ਕੀਰਤਨ ਅਤੇ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

ਪੁੱਜ ਰਹੇ ਕੀਰਤਨ ਜੱਥੇ :-

ਭਾਈ ਮਨਪ੍ਰੀਤ ਸਿੰਘ ਜੀ 'ਕਾਨਪੁਰੀ', ਭਾਈ ਚਰਨਜੀਤ ਸਿੰਘ ਜੀ 'ਹੀਰਾ' ਦਿੱਲੀ ਵਾਲੇ, ਬੀਬੀ ਪ੍ਰਭਜੋਤ ਕੌਰ ਜੀ, ਭਾਈ ਅਮਰੀਕ ਸਿੰਘ ਜੀ 'ਜਖਮੀ' ਜਲੰਧਰ ਵਾਲੇ, ਭਾਈ ਸਰਬਜੀਤ ਸਿੰਘ ਜੀ ਰੰਗੀਲਾ ਦੁਰਗ ਵਾਲੇ, ਭਾਈ ਕਮਲਜੀਤ ਸਿੰਘ ਕਮਲ ਦਿੱਲੀ ਵਾਲੇ, ਭਾਈ ਨਿਰਮਲ ਸਿੰਘ ਨਾਗਪੁਰੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਸਕਰਨ ਸਿੰਘ ਹਜ਼ੂਰੀ ਰਾਗੀ ਜਥਾ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ।

ਨੋਟ :- ਮਿਤੀ **25-4-09** ਨੂੰ ਸਵੇਰੇ ਅਤੇ **26-4-09** ਰਾਤ ਨੂੰ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ।
ਮਿਤੀ **25-4-09** ਨੂੰ ਗੁਰਦੁਆਰਾ ਐਮ.ਐਸ. ਬਲਾਕ, ਹਰੀ ਨਗਰ ਵਿਖੇ
ਦੁਪਹਿਰ ਸਮਾਂ **12:00-2:00** ਵਜੇ ਤੱਕ ਅੰਮ੍ਰਿਤ ਸੰਚਾਰ ਹੋਵੇਗਾ।

ਸਾਧ ਸੰਗਤ ਦੇ ਦਾਸ :-

ਸੰਤ ਹਰਵਿੰਦਰ ਸਿੰਘ 'ਟੀਟੂ' ਸੇਵਾਦਾਰ
ਹਰੀ ਨਗਰ,ਦਿੱਲੀ ਮੋਬਾ: 98100-89645

ਮਹੰਤ ਕਾਹਨ ਸਿੰਘ 'ਸੇਵਾ ਪੰਥੀ'
ਮੋਬਾ: 98140-04503,
ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਮੋਬਾ:98140-35191
ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142
ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ (ਬਠਿੰਡਾ)

ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ:) ਦਿੱਲੀ ਤੇ ਸਮੂਹ ਮੈਂਬਰਜ਼

# ਅਨਮੋਲ ਬਚਨ

-ਸਤੀਸ਼ ਸ਼ਾਹਣੀ

- ਅਮੀਰ ਲੋਕ ਤਾਂ ਬਹੁਤ ਹਨ ਪਰ ਅਪਣੇ ਧੰਨ ਨੂੰ ਧਰਮ-ਅਰਥ, ਗਰੀਬਾਂ ਤੇ ਲੋੜਵੰਦਾਂ ਲਈ ਖਰਚ ਕਰਨ ਵਾਲੇ ਮਨੁੱਖ ਬਹੁਤ ਘੱਟ ਹਨ ।
अमीर लोग तो अनेक ही हैं लेकिन अपने धन को धर्म-अर्थ, गरीबों और जरुरतमन्दों के लिए खर्च करने वाले बहुत कम लोग होते हैं ।
Rich persons are many, but there are a few to spend their money for dole, the poor and needy.

- ਜੋ ਆਦਮੀ ਦੁਨੀਆਂ ਵਿੱਚ ਆਪਣੇ ਤੋਂ ਘੱਟ ਪਦਾਰਥਾਂ ਵਾਲਿਆਂ ਨੂੰ ਦੇਖਕੇ ਦਾਤਾਰ ਦਾ ਸ਼ੁਕਰ ਕਰਦੇ ਹਨ ਉਹਨਾਂ ਦਾ ਜੀਵਨ ਸਦਾ ਹੀ ਸ਼ਾਂਤ ਚਿੱਤ ਤੇ ਸੁੱਖੀ ਬਤੀਤ ਹੁੰਦਾ ਹੈ।
जो इन्सान दुनिया में अपने से कम पदार्थ वालों को देख कर दातार का शुक्र करते हैं उन का जीवन हमेशा शान्तमयी और सुखी व्यतीत होता है ।
The person who look towards the persons who are poorer than them and thank God, their life is always peaceful and happy.

- ਜੋ ਆਦਮੀ ਮਾਇਆ ਨਾਲ ਮੋਹ ਕਰਦਾ ਹੈ, ਉਸ ਦੀ ਰੱਬ ਨੂੰ ਦੇਖਣ ਵਾਲੀ ਅੱਖ ਹਮੇਸ਼ਾਂ ਬੰਦ ਰਹਿੰਦੀ ਹੈ ।
जो इन्सान माया से प्यार करता है उस की परमात्मा को देखने वाली आँख हमेशा बन्द रहती है ।
The man who hawkers after wealth has his eye (always shut which can see God) devoid of seeing God.

- ਜੇ ਅਸੀ ਆਪਣੀ ਜ਼ੁਬਾਨ ਤੋਂ ਪਿਆਰੇ ਤੇ ਮਿੱਠੇ ਬਚਨ ਬੋਲ ਕੇ ਕਿਸੇ ਦੇ ਦਿਲ ਨੂੰ ਪ੍ਰਸੰਨ ਨਹੀ ਕਰ ਸਕਦੇ ਤਾਂ ਫਿਰ ਕੌੜੇ ਤੇ ਫਿੱਕੇ ਸ਼ਬਦ ਬੋਲ ਕੇ ਕਿਸੇ ਦੇ ਦਿਲ ਨੂੰ ਦੁਖਾਉਣ ਦਾ ਅਪਰਾਧ ਵੀ ਤਾਂ ਨਾ ਕਰੀਏ ।
अगर हम अपनी जीभा से प्यारे और मीठे बचन बोल कर किसी का हृदय प्रसंन नहीं कर सकते तो फिर कड़वे और तीखे शबद बोल कर किसी का हृदय दुखाने का अपराध भी न करें।
It you cannot speak sweet and lovely words to make one's heart happy, then do not try to commit sin of injuring others heart by speaking bitter words.

- ਕਿਸੇ ਉੱਪਰ ਪਈ ਮੁਸੀਬਤ ਤੱਕ ਕੇ ਖੁਸ਼ ਹੋਣ ਵਾਲਾ ਦੂਰ ਦਰਸ਼ੀ ਨਹੀ, ਇਹ ਕੀ ਪਤਾ ਹੈ ਕਿ ਉਹ ਮੁਸੀਬਤ ਕਲ ਉਸ ਤੇ ਆ ਜਾਵੇ ।
किसी पर पड़ी मुसीबत को देख कर खुश होने वाला दूरदर्शी नहीं, यह क्या मालूम कि वो मुसीबत कल उस पर आ जाए ।
The man who get pleased to see a man in trouble is not having deep knowledge, who knows that the same trouble may fall on him tomorrow.

## ਪ੍ਰੋਗਰਾਮ ਪ੍ਰਚਾਰ-ਯਾਤਰਾ ਅਪ੍ਰੈਲ 2009

# ਸ੍ਰੀਮਾਨ ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਕੋਡ : 0164 ਫੋਨ : 2262012, 2262051, Fax 0164-5005072
ਮੋਬਾਇਲ : 98140-04503 (ਮਹੰਤ ਜੀ), 94631-50090 (ਮੈਨੇਜਰ ਜਗਦੇਵ ਸਿੰਘ ਮੱਕੜ)
www:sewapanthi.com , e-mail:mt:kahansingh@naonidh.com

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 2-4-2009 | ਮਾਛੀਵਾੜਾ (ਲੁਧਿ:) | ਪਾਠ ਸਮਾਪਤੀ ਤੇ ਯੱਗ ਸਮਾਗਮ, ਡੇਰਾ ਮਹੰਤ ਗੁਲਾਬ ਸਿੰਘ ਜੀ |
| 2-4-2009 | ਮਿੱਠੇਵਾਲ (ਲੁਧਿ:) | ਪਹੁੰਚ ਤੇ ਦੀਵਾਨ ਰਾਤ (ਸਮਾਂ 7 ਤੋਂ 9 ਵਜੇ), ਗੁ: ਸਾਹਿਬ ਸ੍ਰ:ਅਵਤਾਰ ਸਿੰਘ/ਸ੍ਰ:ਗੁਰਚਰਨ ਸਿੰਘ ਚੇਅਰਮੈਨ Ph.01628-223620, Mob.99157-40042 |
| 3-4-2009 | ਚੱਕੀ (ਲੁਧਿ:) | ਪਾਠ ਸਮਾਪਤੀ ਤੇ ਯੱਗ ਸਮਾਗਮ, ਗੁਰਦੁਆਰਾ ਸਾਹਿਬ ਸ੍ਰ:ਗੁਰਪ੍ਰੀਤ ਸਿੰਘ ਸਰਪੰਚ, ਫੋਨ : 94948-00090 |
| 3-4-2009 | ਖੰਨਾ (ਲੁਧਿ:) | ਪਹੁੰਚ ਤੇ ਦੀਵਾਨ ਰਾਤ (ਸਮਾਂ 6 ਤੋਂ 9 ਵਜੇ), ਜਗਦੀਸ਼ ਨਾਗਪਾਲ,ਨਰੇਸ਼ ਨਾਗਪਾਲ ਮੋਬਾ: 98159-92623, ਫੋਨ :01628-2236201 |
| 4-4-2009 | ਲੁਧਿਆਣਾ | ਸ੍ਰੀ ਅਖੰਡ ਪਾਠ ਸਮਾਪਤੀ ਕਾਕਾ ਰਮਨਦੀਪ ਸਿੰਘ ਦੇ ਵਿਆਹ ਦੀ ਖੁਸ਼ੀ ਵਿੱਚ ਸ੍ਰ:ਬਰਿੰਦਰ ਸਿੰਘ ਦੇ ਗ੍ਰਹਿ ਵਿਖੇ |
| 5-4-2009 | ਅੰਮ੍ਰਿਤਸਰ | ਆਨੰਦ ਕਾਰਜ, ਬੀਬੀ ਜਸਵਿੰਦਰ ਕੌਰ ਸਪੁੱਤਰੀ ਸ੍ਰ: ਜੋਗਿੰਦਰ ਸਿੰਘ,ਮੋਬਾ:98154-81265 |
| 9-4-2009 | ਬਠਿੰਡਾ | ਸ੍ਰੀ ਸੰਪਟ ਅਖੰਡ ਪਾਠ ਸਮਾਪਤੀ ਸ੍ਰੀ ਪ੍ਰਕਾਸ਼ ਰਾਮ ਸਿੰਘ ਮੋਬਾ: 98144-41261 |
| **13-4-2009** | **ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਸੰਗਰਾਦ ਦੇ ਮਾਸਿਕ ਸਮਾਗਮ** | |
| 15-4-2009 | ਹਰਿਦੁਆਰ | ਸਾਲਾਨਾ ਸਮਾਗਮ ਤੇ ਉਦਘਾਟਨ ਸੰਗੀਤ ਵਿਦਿਆਲਾ, ਬਾਵਾ ਹਰਪਾਲ ਦਾਸ ਜੀ Ph.01334-262153, |
| 16-4-2009 ਤੋਂ 18-4-2009 | ਗੋਨਿਆਣਾ | ਯੱਗ-ਸਮਾਗਮ, ਸੰਤ ਭਾਈ ਸੁਹੇਲ ਸਿੰਘ ਜੀ ਦੀ ਯਾਦ ਵਿੱਚ, ਗੁਰਦੁਆਰਾ ਸੰਤ ਸੁਹੇਲ ਸਿੰਘ ਜੀ, ਨਵੀਂ ਬਸਤੀ |
| 18-4-2009 ਤੋਂ 20-4-2009 | ਗੋਨਿਆਣਾ | ਯੱਗ ਸਮਾਗਮ, ਮਹੰਤ ਭਾਈ ਗੁਲਾਬ ਸਿੰਘ ਜੀ ਅਤੇ ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' ਦੀ ਯਾਦ ਵਿੱਚ ਟਿਕਾਣਾ ਭਾਈ ਜਗਤਾ ਜੀ ਸਾਹਿਬ। |
| 23-4-2009 | ਲੁਧਿਆਣਾ | ਸ਼ਗਨ,ਕਾਕਾ ਰਮਨਦੀਪ ਸਿੰਘ ਸਪੁੱਤਰ ਸ੍ਰ:ਵਰਿੰਦਰ ਸਿੰਘ, ਮੋਬਾ: 98557-13000 |
| 24 ਤੋਂ 26-4-2009 | ਦਿੱਲੀ | ਗੁਰਮਤਿ ਸਮਾਗਮ (ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਦੀ ਪਹਿਲੀ ਯਾਦ ਵਿੱਚ) ਗੁਰਦੁਆਰਾ ਐਮ.ਐਸ. ਬਲਾਕ, ਹਰੀ ਨਗਰ, ਨਵੀਂ ਦਿੱਲੀ-64, ਸੰਤ ਹਰਵਿੰਦਰ ਸਿੰਘ 'ਟੀਟੂ' ਮੋਬਾ: 98100-89645 |
| 30-4-09 | ਜਲੰਧਰ | ਸਮਾਗਮ (ਸਮਾਂ 7 ਤੋਂ 10 ਵਜੇ ਰਾਤ), (ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਦੀ ਪਹਿਲੀ ਯਾਦ ਵਿੱਚ), ਗੁ: ਦੁਆਬਾ ਸ੍ਰੀ ਗੁਰੂ ਸਿੰਘ ਸਭਾ,ਚੌਕ ਅੱਡਾ ਹੁਸ਼ਿਆਰਪੁਰ । ਸੰਪਰਕ:ਤਜਿੰਦਰ ਸਿੰਘ 98159-66112 |
| 1-5-2009 | ਜਲੰਧਰ | ਸਮਾਗਮ (ਸਮਾਂ 7 ਤੋਂ 10 ਵਜੇ ਰਾਤ),(ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਦੀ ਪਹਿਲੀ ਯਾਦ ਵਿੱਚ), ਗੁ: ਸ੍ਰੀ ਗੁਰੂ ਸਿੰਘ ਸਭਾ, ਬਸਤੀ ਗੁਜਾਂ, ਸੰਪਰਕ ਫੋਨ: 98159-66112 |
| 2-5-2009 | ਜਲੰਧਰ | ਸਮਾਗਮ (ਸਮਾਂ 7 ਤੋਂ 10 ਵਜੇ ਰਾਤ),(ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਦੀ ਪਹਿਲੀ ਯਾਦ ਵਿੱਚ), ਗੁ:ਛੇਵੀਂ ਪਾਤਸ਼ਾਹੀ, ਬਸਤੀ ਸ਼ੇਖ, ਸੰਪਰਕ:ਤਜਿੰਦਰ ਸਿੰਘ 98159-66112 |
| 10-5-2009 | ਦਿੱਲੀ | ਆਨੰਦ ਕਾਰਜ, ਕਾਕਾ ਭਵਨਦੀਪ ਸਿੰਘ ਸਪੁੱਤਰ ਸ੍ਰ:ਜੋਗਿੰਦਰ ਸਿੰਘ (ਜੈ ਤੀਰਥ ਮਾਰਬਲ)ਫੋਨ:011-65855452 |

ਲੜੀਵਾਰ ਕਥਾ

# ਸੁਖਮਨੀ ਸਾਹਿਬ

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਮਨ ਮੇਰੇ ਤਿਨ ਕੀ ਓਟ ਲੇਹਿ ॥
ਮਨੁ ਤਨੁ ਅਪਨਾ ਤਿਨ ਜਨ ਦੇਹਿ ॥
ਜਿਨ ਜਨਿ ਅਪਨਾ ਪ੍ਰਭੂ ਪਛਾਤਾ ॥
ਸੋ ਜਨੁ ਸਰਬ ਥੋਕ ਕਾ ਦਾਤਾ ॥
ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥
ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥
ਅਵਰ ਸਿਆਨਪ ਸਗਲੀ ਛਾਡੁ ॥
ਤਿਸੁ ਜਨ ਕੀ ਤੂ ਸੇਵਾ ਲਾਗੁ ॥
ਆਵਨੁ ਜਾਨੁ ਨ ਹੋਵੀ ਤੇਰਾ ॥
ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥

ਮਨ ਮੇਰੇ ਤਿਨ ਕੀ ਓਟ ਲੇਹਿ ॥

ਮਨੁ ਤਨੁ ਅਪਨਾ ਤਿਨ ਜਨ ਦੇਹਿ ॥

ਅਰਥ: ਇਸ ਸਲੋਕੁ ਦੀ ਅਖ਼ੀਰਲੀ ਪਉੜੀ ਵਿੱਚ ਮਹਾਰਾਜ ਕਹਿੰਦੇ ਹਨ ਹੇ ਮੇਰੇ ਮਨ ਤੂੰ ਉਹਨਾਂ ਮਹਾਂਪੁਰਸ਼ਾਂ ਸੰਤਾਂ ਦੀ ਓਟ (ਸ਼ਰਨ) ਲੈਣਾ ਕਰ ਜਿਨਾ ਦਾ ਧਿਆਨ ਹਰ ਵੇਲੇ ਉਸ ਅਕਾਲ ਪੁਰਖ ਦੀ ਭਗਤੀ ਵਿੱਚ ਲਗਾ ਹੋਇਆ ਹੈ ਅਤੇ ਉਹਨਾ ਸੰਤਾਂ ਨੂੰ ਹੀ ਆਪਣਾ ਮਨ ਅਤੇ ਤਨ ਦੇਣਾ ਕਰ ਭਾਵ ਉਹਨਾਂ ਦੇ ਅੱਗੇ ਆਪਣਾ ਸਭ ਕੁੱਝ ਸਉਂਪ ਦੇ ।

ਜਿਨ ਜਨਿ ਅਪਨਾ ਪ੍ਰਭੂ ਪਛਾਤਾ ॥

ਸੋ ਜਨੁ ਸਰਬ ਥੋਕ ਕਾ ਦਾਤਾ ॥

ਅਰਥ : ਜਿਸ ਸੰਤ ਜਨ ਨੇ ਆਪਣੇ ਪ੍ਰਭੂ ਨੂੰ ਪਛਾਣਿਆ ਹੈ ਭਾਵ ਉਸ ਪ੍ਰਭੂ ਨਾਲ ਸਾਂਝ ਪਾਈ ਹੈ ਉਹੋ ਸੰਤ ਜਨ ਹੀ ਸਾਰੇ ਥੋਕ ਪਦਾਰਥਾਂ ਦਾ ਦਾਤਾ ਹੈ ।

ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥

ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥

ਅਰਥ : ਹੇ ਜੀਵ ਉਸ ਸਾਧੂ ਦੀ ਪ੍ਰਭੂ ਪ੍ਰਾਪਤੀ ਦੀ ਸਿੱਖਿਆ ਤੇ ਚਲ ਕੇ ਤੈਨੂੰ ਸਾਰੇ ਸੁਖ ਪ੍ਰਾਪਤ ਹੋ ਜਾਣਗੇ ਉਸ ਸਾਧੂ ਦੇ ਦਰਸ ਤੋਂ ਭਾਵ ਗੁਰਬਾਣੀ ਦੇ ਉਪਦੇਸ਼ ਸੁਣਨ ਤੇ ਤੇਰੇ ਸਭ ਪਾਪ ਮਿਟ ਜਾਣਗੇ ।

ਅਵਰ ਸਿਆਨਪ ਸਗਲੀ ਛਾਡੁ ॥

ਤਿਸੁ ਜਨ ਕੀ ਤੂ ਸੇਵਾ ਲਾਗੁ ॥

ਅਰਥ : ਸਤਿਗੁਰੂ ਜੀ ਕਹਿੰਦੇ ਹਨ ਕੇ ਹੇ ਜੀਵ ਤੂੰ ਹੋਰ ਸਾਰੀਆਂ ਸਿਆਣਪਾਂ ਨੂੰ ਛੱਡ ਦੇ ਤੇ ਉਸ ਪ੍ਰਭੂ ਦੇ ਸੇਵਕ ਦੀ ਸੇਵਾ ਵਿੱਚ ਲਗ ਜਾ ।

ਆਵਨੁ ਜਾਨੁ ਨ ਹੋਵੀ ਤੇਰਾ ॥

ਨਾਨਕ ਤਿਸੁ ਜਨ ਕੇ ਪੂਜਹ ਸਦ ਪੈਰਾ ॥੮॥

ਅਰਥ : ਹੇ ਜੀਵ ਤੂੰ ਉਸ ਸੱਚੇ ਸੰਤ, ਗੁਰੂ ਦੀ ਚਰਨੀ ਲੱਗੇ ਗਾ ਤਾਂ ਤੇਰਾ ਮੁੜ ਕੇ ਸੰਸਾਰ ਵਿੱਚ ਆਉਣ ਜਾਣ ਦਾ ਗੇੜਾ ਨਹੀ ਪਵੇਗਾ ਕਿਉਕਿ ਉਹ ਸੱਚਾ ਗੁਰੂ ਜੂਨਾਂ ਤੋਂ ਮੁਕਤ ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ ।

(ਚਲਦਾ)

ੴ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ-੫

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

- ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ ॥

ਵਾਸਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥

ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ ॥੧॥

ਪਉੜੀ ॥

ਵਵਾ ਵੈਰੁ ਨ ਕਰੀਐ ਕਾਹੂ ॥

ਘਟ ਘਟ ਅੰਤਰਿ ਬ੍ਰਹਮ ਸਮਾਹੂ ॥

ਵਾਸਦੇਵ ਜਲ ਥਲ ਮਹਿ ਰਵਿਆ ॥

ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥

ਵੈਰ ਵਿਰੋਧ ਮਿਟੇ ਤਿਹ ਮਨ ਤੇ ।

ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥

ਵਰਨ ਚਿਹਨ ਸਗਲਹ ਤੇ ਰਹਤਾ ॥

ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥੪੬॥

॥ ਸਲੋਕੁ ॥

ਵਾਸਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥

ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ ॥1॥

**ਪਦ-ਅਰਥ :** ਵਾਸਦੇਵ-ਪਰਮਾਤਮਾ, ਊਨ-ਅਣਹੋਂਦ ਖਾਲੀ, ਕਤਹੂ ਠਾਇ-ਕਿਸ ਥਾਂ ਵਿੱਚ, ਦੁਰਾਇ-ਲੁਕਾਉ

**ਅਰਥ :** ਗੁਰੂ ਅਰਜਨ ਦੇਵ ਜੀ ਮਹਾਰਾਜ ਸਮਝਾਉਂਦੇ ਹਨ ਵਾਸਦੇਵ (ਪ੍ਰਭੂ)

ਸਾਰਿਆਂ ਵਿੱਚ ਵਿਆਪਕ ਹੈ ਕੋਈ ਵੀ ਐਸੀ ਥਾਂ ਨਹੀ ਜਿਥੇ ਪਰਮਾਤਮਾ ਨਹੀਂ ਹੈ ਉਹ ਪਰਮੇਸ਼ਵਰ ਮਨੁੱਖ ਦੇ ਅੰਦਰ-ਬਾਹਰ ਸਦਾ ਨਾਲ ਹੈ ਐਸੇ ਪ੍ਰਭੂ ਤੋਂ ਅਸੀਂ ਕੀ ਲੁਕਾਉ ਕਰ ਸਕਦੇ ਹਾਂ

ਪਉੜੀ

ਵਵਾ ਵੈਰੁ ਨ ਕਰੀ ਐ ਕਾਹੂ ॥

ਘਟ ਘਟ ਅੰਤਰਿ ਬ੍ਰਹਮ ਸਮਾਹੂ ॥

ਅਰਥ : ਵਵੇ ਅੱਖਰ ਦੁਆਰਾ ਸਤਿਗੁਰੂ ਜੀ ਸਮਝਾਂਉਦੇ ਹਨ ਹਰੇਕ ਸਰੀਰ ਵਿੱਚ ਪ੍ਰਮਾਤਮਾ ਸਮਾਇਆ ਹੋਇਆ ਹੈ ਇਸ ਲਈ ਕਿਸੇ ਨਾਲ ਵੀ ਵੈਰ-ਵਿਰੋਧ ਨਹੀ ਕਰਨਾ ਚਾਹੀਦਾ

ਵਾਸਦੇਵ ਜਲ ਥਲ ਮਹਿ ਰਵਿਆ ॥

ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥

ਅਰਥ : ਪ੍ਰਮਾਤਮਾ ਪਾਣੀ ਵਿੱਚ ਧਰਤੀ ਵਿੱਚ ਜਰੇ-ਜਰੇ ਵਿੱਚ ਵਿਆਪਕ ਹੈ ਪਰ ਗੁਰੂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਹੀ ਉਸ ਪ੍ਰਭੂ ਤਕ ਪਹੁੰਚ ਹਾਸਲ ਕੀਤੀ ਹੈ ।

ਵੈਰ ਵਿਰੋਧ ਮਿਟੇ ਤਿਹ ਮਨ ਤੇ ।

ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥

ਅਰਥ : ਜੋ ਜੋ ਮੁਨਖ ਗੁਰੂ ਦੀ ਸ਼ਰਨ ਪੈ ਕੇ ਭਾਵ ਗੁਰੂ ਦੀ ਸਿੱਖਿਆ ਲੈ ਕੇ ਹਰੀ ਨੂੰ ਸਿਮਰਦੇ ਹਨ ਉਸ ਪ੍ਰਭੂ ਦੀ ਸਿਫਤਿ ਸਲਾਹ ਦੀ ਬਾਣੀ ਦਾ ਕੀਰਤਨ ਸੁਣਦੇ ਹਨ ਉਹਨਾਂ ਦੇ ਮਨ ਵਿੱਚੋਂ ਵੈਰ ਵਿਰੋਧ ਮਿਟ ਜਾਂਦੇ ਹਨ ।

ਵਰਨ ਚਿਹਨ ਸਗਲਹ ਤੇ ਰਹਤਾ ॥

ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥ ੪੬ ॥

ਅਰਥ : ਪਰਮਾਤਮਾ ਜਾਤ-ਪਾਤ ਰੂਪ ਰੇਖ ਤੋਂ ਨਿਆਰਾ ਹੈ । ਉਸ ਦਾ ਕੋਈ ਰੂਪ ਰੇਖ ਦੱਸਿਆ ਨਹੀ ਜਾ ਸਕਦਾ ਜੋ ਗੁਰੂ ਦੀ ਸ਼ਰਨ ਪੈ ਕੇ ਪਰਮੇਸ਼ਵਰ ਨੂੰ ਯਾਦ ਕਰਦੇ ਹਨ । ਉਹਨਾਂ ਦੇ ਅੰਦਰ ਕਿਸੇ ਪ੍ਰਤੀ ਵੀ ਵੈਰ ਵਿਰੋਧ ਦੀ ਭਾਵਨਾ ਨਹੀ ਆਉਦੀ ।

(ਚਲਦਾ)

# ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ

-ਸਤਨਾਮ ਸਿੰਘ ਖਾਲਸਾ ਐਡਵੋਕੇਟ,
ਅੰਮ੍ਰਿਤਸਰ

ਪਾਰਬ੍ਰਹਮ ਨੇ ਇਸ ਸ੍ਰਿਸ਼ਟੀ ਬ੍ਰਹਿਮੰਡ ਦੀ ਰਚਨਾ ਆਪ ਆਪਣੇ ਵਿੱਚੋਂ ਕੀਤੀ ਹੈ । ਪੰਜ ਤੱਤ ਬਣਾ ਕੇ ਧਰਤੀ,ਆਕਾਸ਼ ਸੂਰਜ,ਚੰਦ, ਤਾਰੇ, ਪਾਣੀ ਹਵਾ ਪ੍ਰਬਤ, ਜੰਗਲ, ਬਨਸਪਤੀ ਆਦਿ 84 ਲੱਖ ਜੂਨੀਆਂ ਦੇ ਨਰ ਮਾਦਾ ਜੀਅ ਜੰਤ ਬਣਾਕੇ ਰੋਣਕਾਂ ਲੱਗਾ ਦਿੱਤੀਆਂ ਹਨ । ਉਸ ਤੋਂ ਪਹਿਲਾਂ ਅਰਬਦ ਨਰਬਦ ਧੰਧੂਕਾਰ ਗੁਬਾਰ ਹੁੰਦਾ ਸੀ । ਬ੍ਰਹਮਾ ਆਪਣੇ ਆਪ ਨੂੰ ਸਭ ਤੋਂ ਵੱਡਾ ਦੇਵਤਾ ਅਖਵਾਉਣ ਲੱਗਾ ਪਰ ਪਾਰਬ੍ਰਹਮ ਬੇਅੰਤ ਬ੍ਰਹਮੇ ਨਹੀਂ ਪਾਇਆ ਅੰਤੁ ਪਾਰਬ੍ਰਹਮ ਕਿਤਨਾ ਵੱਡਾ ਬੇਅੰਤ ਹੈ ਇਸ ਦਾ ਅੰਤ, ਪੂਰੀ ਜਾਣਕਾਰੀ, ਬ੍ਰਹਮਾ ਨੂੰ ਵੀ ਨਹੀਂ ਹੈ, 'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ' ਸਾਰੇ ਹਾਲਾਤ ਆਪ ਵੇਖ ਰਿਹਾ ਹੈ, ਆਪਣੇ ਹੁਕਮ ਨਾਲ ਸਾਰੇ ਪ੍ਰਬੰਧ ਚਲਾ ਰਿਹਾ ਹੈ । ਉਹ ਦਾਤਾ ਦਾਤਾਰਾ ਕਰਤਾ ਪੁਰਖ, ਰਾਜਕ ਮਹਾਨ ਸ਼ਕਤੀਸ਼ਾਲੀ ਸਰਬਕਲਾ ਸਮੱਰਥ ਪਰ ਮਹਾਨ ਦਿਆਲੂ ਕਿਰਪਾਲੂ, ਆਪ ਮੁਕਤਿ ਮੁਕਤੀ ਦਾਤਾਰ ਹੈ ।' ਸਭੁ ਗੋਬਿੰਦ ਹੈ ਸਭੁ ਗੋਬਿੰਦ ਹੈ ਗੋਬਿੰਦ ਬਿਨੁ ਨਹੀਂ ਕੋਈ' ॥

'ਸੱਤ ਜੁਗਿ ਰਥੁ ਸੰਤੋਖ ਕਾ ਧਰਮ ਅਗੈ ਰਥੁਵਾਹ' । ਸਤਿਜੁਗ ਦੇ ਸਮੇਂ ਰਾਜਾ ਜਨਕੁ, ਰਾਜਾ ਹਰੀਸ਼ ਚੰਦਰ ਧਰਮੀ, ਨਾਮ ਸਿਮਰਨ ਵਾਲੇ ਸਦਾਚਾਰੀ ਜੀਵਨ ਵਾਲੇ ਆਪਣੀ ਪਰਜਾ ਦੀ ਰੱਖਿਆ, ਸਹਾਇਤਾ ਕਰਨ ਵਾਲੇ ਮਹਾਂਪੁਰਸ਼ ਹੋਏ ਹਨ । ਹਰਨਾਕਸ਼, ਰਾਵਣ ਅਤੇ ਕੰਸ ਵਰਗੇ ਜ਼ਾਲਮ ਬਲਾਤਕਾਰੀ ਦੁਸ਼ਟ ਵੀ ਹੋਏ ਹਨ ਜੋ ਨਾਮ ਸਿਰਮਨ ਕਰਕੇ ਸ਼ਿਵ-ਪਾਰਬਤੀ ਨੂੰ ਪ੍ਰਸੰਨ ਕਰਕੇ ਅਮਰ ਹੋਣ ਦੇ ਵਰ ਪ੍ਰਾਪਤ ਕਰਨ ਤੋਂ ਪਿੱਛੋਂ ਆਪਣੇ ਆਪ ਨੂੰ ਜਲ ਹਰਨਾਕਸ਼ ਥਲ ਹਰਨਾਕਸ਼' ਅਖਵਾ ਕੇ ਆਪਣੀ ਪੂਜਾ ਵਡਿਆਈ ਕਰਵਾਉਣ ਲੱਗੇ ਆਪਣੇ ਸਕੇ ਲਾਡਲੇ ਮਾਸੂਮ ਸਪੁੱਤਰ ਪ੍ਰਹਿਲਾਦ ਜੋ ਰਾਮ ਨਾਮ ਦੀ ਸੱਚੀ ਭਗਤੀ ਕਰਦਾ ਸੀ ਨੂੰ ਮਰਵਾਉਣ ਲਈ ਆਪਣੀ ਭੈਣ ਹੋਲਿਕਾ ਦੀ ਗੋਦੀ ਵਿੱਚ ਬਿਠਾ ਕੇ ਲਾਬੂੰ ਲਗਾ ਕੇ ਸਾੜਨ ਦੀ ਕੋਸ਼ਿਸ਼ ਕਰਵਾਈ ਪਰ ਰਾਮ ਨਾਮ ਤਾਂ ਕਦੇ ਸੜ ਕੇ ਖਤਮ ਨਹੀਂ ਹੋ ਸਕਦਾ । ਦੁਸ਼ਟ ਹੰਕਾਰੀ ਹੋਲਿਕਾ ਆਪ ਆਪਣੇ ਲਗਾਏ ਭਾਂਬੜ ਵਿੱਚ ਹੀ ਸੜ ਕੇ ਭਸਮ ਹੋ ਗਈ । ਹਰ ਕੋਈ ਹੋਲੀ ਦੇ ਤਿਉਹਾਰ ਮਨਾ ਕੇ ਦੁਸ਼ਟ ਹਰਨਾਕਸ਼ ਨੂੰ ਲਾਹਨਤਾਂ ਤੇ ਸ੍ਰੀ ਰਾਮ ਚੰਦਰ ਨੇ ਆਪਣੀ ਸੀਤਾ ਲਈ ਰਾਵਣ ਨੂੰ ਮਾਰਿਆ ਸੀ । ਹਨੂੰਮਾਨ ਨੇ ਆਪਣੀ ਪੂਛ ਨੂੰ ਅੱਗ ਲਗਾ ਕੇ ਸੋਨੇ ਦੀ ਲੰਕਾ ਸਾੜ ਕੇ ਸੁਆਹ ਕਰ ਦਿੱਤੀ । ਹਰ ਕੋਈ ਦੁਸਹਿਰੇ ਸਮੇਂ ਰਾਵਣ ਦੇ ਪੁਤਲੇ ਬੁੱਤ ਸਾੜ ਕੇ 'ਮੂਰਖ ਰਾਵਣ ਕੀ ਲੈ ਗਯਾ', ਲਾਹਨਤਾਂ ਪਾਉਂਦਾ ਹੈ । ਰਾਜਾ ਸ੍ਰੀ ਕਿਸ਼ਨ

ਨੇ ਆਪਣੇ ਰਾਜ ਲਈ ਦੁਸ਼ਟ ਕੰਸ਼ ਨੂੰ ਮਰਵਾ ਦਿੱਤਾ ।

ਪਾਰ੍ਬਹਮ ਨੇ ਵੇਖਿਆ ਕਿ ਜਾਤ ਅਭਿਮਾਨੀ ਬ੍ਰਾਹਮਣ ਆਪਣੇ ਆਪ ਨੂੰ ਸ੍ਰੇਸ਼ਟ ਅਖਵਾ ਕੇ ਆਮ ਗਰੀਬ ਕਿਰਤੀ ਲੋਕਾਂ ਤੋਂ ਆਪਣੀ ਪੂਜਾ ਕਰਵਾਕੇ ਸਾਰੀ ਭੇਟਾ ਚੜਾਵੇ ਆਪ ਹੜੱਪ ਕਰਕੇ ਸੋਮਰਸ ਡਕਾਰ ਰਹੇ ਹਨ । ਭਗਤ ਰਵਿਦਾਸ, ਨਾਮ ਦੇਵ, ਕਬੀਰ, ਸਧਨਾ, ਸੈਣ, ਤਰਲੋਚਨ 'ਹਥ ਕਾਰ ਵੱਲ ਚਿਤ ਕਰਤਾਰ ਵੱਲ' ਆਦਿ ਨੂੰ ਨੀਚ ਸ਼ੂਦਰ ਕਹਿ ਕੇ ਨਫਰਤ ਜ਼ੁਲਮ ਕਰਦੇ ਹਨ । ਇਹ ਹੰਕਾਰੀ ਬ੍ਰਾਹਮਣ ਆਪ ਪੱਥਰ ਦੇ ਸ਼ਿਵਲਿੰਗ ਦੀ ਪੂਜਾ ਕਰਦੇ, ਪੱਥਰ ਦਿਲ ਹੋ ਚੁੱਕੇ ਹਨ । ਇਹਨਾਂ ਦੇ ਮਨ ਵਿੱਚੋਂ ਰੱਬ ਦੇ ਗਰੀਬ ਬੰਦਿਆਂ ਵਾਸਤੇ ਕੋਈ ਦਯਾ, ਭਾਵਨਾ, ਹਮਦਰਦੀ ਹੀ ਨਹੀਂ ਹੈ, 'ਦਯਾ ਧਰਮ ਕਾ ਮੂਲ ਹੈ', ਲਾਲਚ ਮੋਹ-ਮਾਇਆ ਪਾਪ, ਜ਼ੁਲਮ, ਠੱਗੀਆਂ-ਧੋਖੇ ਕਰਨ ਨਾਲ ਇਨ੍ਹਾਂ ਦੀ ਆਤਮਾ ਜ਼ਮੀਰ ਮਰ ਗਈ ਹੈ । ਇਨਸਾਨੀਅਤ ਖ਼ਤਮ, ਹੈਵਾਨ ਸ਼ੈਤਾਨ ਬਣ ਗਏ ਹਨ । ਮਾਤ ਲੋਕ ਵਿੱਚ ਬ੍ਰਾਹਮਣਾਂ, ਖੱਤਰੀਆਂ ਦੇ ਕਤਲ ਬੋਧੀ ਜੈਨੀਆਂ ਦੇ ਕਤਲ, ਯਹੂਦੀਆਂ-ਈਸਾਈਆਂ ਪਾਰਸ਼ੀਆਂ ਦੇ ਆਪਸੀ ਕਤਲ, ਮੁਹੰਮਦ ਦੇ ਇਸਲਾਮ ਸੁੰਨੀ, ਸੀਹਾ ਕਾਦੀਆਨੀ, ਅਹਿਮਦਾਇ ਆਪਸ ਵਿੱਚ ਊਚ-ਨੀਚ, ਜਾਤ-ਪਾਤ, ਹਿੰਦੂ ਕਾਫਰ ਤੁਰਕ ਮਲੇਛ ਦੇ ਹਜ਼ਾਰਾਂ ਸਾਲਾਂ ਤੋਂ ਨਫ਼ਰਤ ਕਤਲ ਹੋ ਰਹੇ ਹਨ, ਇਹ ਈਸਾਈ ਪਾਦਰੀ, ਮੁਹੰਮਦ ਦੇ ਕਾਜੀ ਮੌਲਵੀ ਪੀਰ ਆਖਦੇ ਤਾਂ ਹਨ ਕਿ ਅੱਲਾ ਦੇ ਬੰਦਿਆਂ ਨਾਲ ਪਿਆਰ ਕਰੋ, 'ਅਵਲ ਅਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ' । ਪਰ ਅਮਲੀ ਤੌਰ ਤੇ ਆਪਸ ਵਿੱਚ ਕਤਲ ਅੱਲਾ, ਰਾਮ, ਧਰਮ ਦੇ ਨਾਮ ਤੇ ਹੀ ਹੋ ਰਹੇ ਹਨ । ਮਹੁੰਮਦ ਨੇ ਆਪਣੇ ਨਾਮ ਦਾ ਕਲਮਾ, ਯਾ ਮੁਹੰਮਦ ਰਸੂਲ ਇਲ ਇਲਲਾਹ ਪੜ੍ਹਾ ਕੇ ਤਲਵਾਰ ਦੇ ਜੋਰ ਨਾਲ ਆਪਣੇ ਨਾਮ ਦਾ ਕਲਮਾ ਪੜ੍ਹਾਕੇ ਇਸਲਾਮ ਧਰਮ ਦੇ ਪ੍ਰਚਾਰ ਵਾਸਤੇ ਭਾਰਤ ਦੇ ਸਾਹਸਹੀਣ ਬ੍ਰਾਹਮਣਾਂ, ਪੰਡਤਾਂ, ਪੁਜਾਰੀਆਂ ਨੂੰ ਕਤਲ ਕਰਕੇ ਡਰਾ ਧਮਕਾਕੇ ਮੰਦਰ ਮੂਰਤੀਆਂ ਤੋੜ ਕੇ ਧੰਨ ਜੇਵਰ ਲੁੱਟ ਲਏ, ਮਸੀਤਾਂ ਬਣਾ ਦਿੱਤੀਆਂ, ਹਿੰਦੂ ਕਰੋੜਾਂ ਦੀ ਗਿਣਤੀ ਵਿੱਚ ਡਰਦੇ ਸੁੰਨਤ ਕਰਵਾ ਕੇ ਮਹੁੰਮਦ ਦਾ ਕਲਮਾ ਪੜ੍ਹਕੇ ਗੁਲਾਮ ਬਣਕੇ ਜਲੀਲ ਹੋਣ ਲੱਗੇ । ਭਾਰਤ ਦੀ ਸੱਭਿਅਤਾ ਖਤਮ ਕਿਸੇ ਵੀ ਧਰਮ ਵਾਲਾ ਨਿਰੰਕਾਰ, ਪਾਰਬ੍ਰਹਮ, ਕਰਤਾ ਪੁਰਖ ਦੇ ਨਾਮ ਸਤਿਨਾਮ ਦਾ ਸਿਮਰਨ ਹੀ ਨਹੀਂ ਕਰਦਾ । ਆਮ ਲੋਕ ਵਕਤੀ ਰਾਜਿਆ ਮਹਾਰਾਜਿਆਂ ਨੂੰ ਝੁਕ ਕੇ ਸਲਾਮ, ਜੈ ਜੈ ਕਾਰ ਪੂਜਾ ਕਰਦੇ, ਵਿਗਾਰਾਂ ਕਰਦੇ, ਮਾਇਆ ਧਾਰੀਆਂ ਦੀ ਪੂਜਾ ਸੇਵਾ ਕਰਦੇ ਰਾਜੇ ਆਪ ਹੰਕਾਰੀ ਜ਼ਾਲਮ ਆਮ ਲੋਕਾਂ ਉਪਰ ਅਨੇਕ ਪ੍ਰਕਾਰ ਦੇ ਟੈਕਸ ਧਰਮ ਅਸਥਾਨ ਤੀਰਥਾਂ ਤੇ ਜਾਣ ਲਈ ਵੀ ਟੈਕਸ, ਪੂਜਾਰੀ ਆਪ ਸ਼ੀਸ਼ ਮਹਿਲਾਂ ਵਿੱਚ ਅਯਾਸੀ ਕਰਦੇ । ਸੁੰਦਰ ਲੜਕੀਆਂ, ਘੋੜੇ, ਰੱਥ ਵਿੱਚ ਚੁੱਕ ਕੇ ਉਧਾਲ ਕੇ ਬਲਾਤਕਾਰ ਕਰਦੇ । ਅੰਧੀ ਰਯਤ ਗਿਆਨ ਵਿਹੂਣੀ ਮਾਹੌਲ

ਕਲਯੁਗੀ ਲੁੱਟ ਘਸੁੱਟ ਦਾ ਵਰਤਾਰਾ, ਵੇਖਕੇ ਪਾਰਬ੍ਰਹਮ ਨੇ ਆਪਦੇ ਸਚਖੰਡ ਵਿੱਚੋਂ ਨਾਨਕ ਨਿਰੰਕਾਰੀ ਨੂੰ ਮਾਤ ਲੋਕ ਵਿੱਚ ਸਤਿਨਾਮ ਦਾ ਸਿਮਰਨ ਕਰਨ ਦੇ ਉਪਦੇਸ਼ ਦਿੱਤੇ ਜਾਣ ਲਈ ਭੇਜਿਆ, 'ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਯਾ'। ਗੁਰੂ ਨਾਨਕ ਨੇ ਮਹੁੰਮਦ ਵਾਂਗ ਆਪਣੇ ਨਾਮ ਦਾ ਕੋਈ ਕਲਮਾ, ਕਲਾਮ ਨਹੀਂ ਦਿੱਤਾ ਨਾ ਹੀ ਆਪਣੇ ਆਪ ਨੂੰ ਅਵਤਾਰ, ਨਬੀ, ਪੈਗੰਬਰ ਅਖਵਾ ਕੇ ਆਪਣੀ ਪੂਜਾ ਕਰਵਾਈ ਸਗੋਂ ਪਾਰਬ੍ਰਹਮ ਦੀ ਸੂਝ ਜਾਣਕਾਰੀ ਮੂਲ ਮੰਤਰ ਦੁਆਰਾ ਦਰਸਾਈ ਕਿ ਉਸ ਦਾ ਨਾਮ ਸਤਿਨਾਮ ਹੈ, ਪਾਰਬ੍ਰਹਮ ਦੀ ਕਿਰਪਾ ਨਾਲ ਸਾਨੂੰ ਵਡਮੁੱਲਾ ਮਨੁੱਖਾ ਜੀਵਨ ਮਿਲਿਆ ਹੈ । ਉਸ ਸੱਚੇ ਪਾਰਬ੍ਰਹਮ ਦੇ ਨਾਮ ਸਤਿਨਾਮ ਦਾ ਸਿਮਰਨ । ਪਾਰਬ੍ਰਹਮ ਨਿਰਮਲ ਹੈ । ਉਸ ਦਾ ਨਾਮ ਸਤਿਨਾਮ ਵੀ ਨਿਰਮਲ ਹੈ । ਜਦੋਂ ਸਾਡੀ ਨਿਰਮਲ ਆਤਮਾ ਵਿੱਚ ਸਤਿਨਾਮ ਦਾ ਨਿਰਮਲ ਨਾਮ ਪ੍ਰਵੇਸ਼ ਕਰ ਜਾਵੇ ਤਾਂ ਨਿਰਮਲ ਆਤਮਾ ਹੀ ਪਰਮ-ਆਤਮਾ ਹੈ ਪਿਛਲੇ ਜਨਮਾਂ ਦੇ ਕੀਤੇ ਕੁਕਰਮ ਗੁਨਾਹ ਪਾਪ ਵੀ ਪਾਰਬ੍ਰਹਮ ਨੂੰ ਪ੍ਰਸੰਨ ਕਰਕੇ ਬਖਸ਼ਵਾਉਣੇ ਹਨ, 'ਪਿਛਲੇ ਅਉਗਣ ਬਖਸ਼ ਲਏ ਪ੍ਰਭੁ ਆਗੇ ਮਾਰਗ ਪਾਵੇ' । ਸਾਡੇ ਤਨ ਸਰੀਰ ਦਾ ਭੋਜਨ ਖੁਰਾਕ ਅਨਾਜ, ਫਲ, ਪਦਾਰਥ, ਸਬਜੀਆਂ ਦਾਲਾਂ ਆਦਿ ਹਨ ਪਰ ਮਨ ਕਾ ਤੋਸਾ ਹਰਿ ਨਾਮ ਹੈ, ਸੋ ਸੁਆਸ-ਸੁਆਸ ਆਠ ਪਹਿਰ ਸਤਿਨਾਮ ਦਾ ਸਿਮਰਨ ਕਰਨਾ ਜ਼ਰੂਰੀ ਹੈ । ਸਤਿਗੁਰੂ ਨਾਨਕ ਦੇਵ ਜੀ ਨੇ ਸਾਰੇ ਧਰਮ, ਸਮਾਜ ਦੇ ਹਰ ਵਰਗ ਰਾਜੇ ਹਾਕਮ ਮਲਕ ਭਾਗੋ, ਪਾਪ ਕਰਕੇ ਮਾਇਆ ਇਕੱਠੀ ਕਰਨ ਵਾਲੇ ਵਪਾਰੀਆਂ, ਧਨਾਡਾਂ, ਅੱਨਪੜ੍ਹ ਗਰੀਬ ਕਿਰਤ, ਖੇਤੀ ਕਾਸ਼ਤ ਕਰਨ ਵਾਲੇ ਮਿਹਨਤਕਸ਼ ਲੋਕਾਂ, ਜ਼ਾਤ ਅਭਿਮਾਨੀ ਬ੍ਰਹਮਣਾਂ, ਪੰਡਿਤਾਂ, ਪੁਜਾਰੀਆਂ, ਮੌਲਵੀਆਂ, ਕਾਜੀਆਂ, ਪੀਰਾਂ, ਫਕੀਰਾਂ, ਜੋਗੀ ਨਾਥਾਂ, ਸਨਿਆਸੀਆਂ, ਬੋਧੀ, ਜੈਨੀ, ਭਿਖਸੂਆਂ ਦੇ ਵਰਤੋਂ ਵਿਹਾਰ ਆਚਰਣ, 'ਚਿਟੇ ਜਿਨ ਕੇ ਕਪੜੇ ਮੈਲੇ ਚਿੱਤ ਕਠੋਰ, ਮਨ ਮੈਲਾ ਤਾਂ ਸਭ ਕਿਛੁ ਮੈਲਾ, ' ਇਹ ਹਰਿ ਕੇ ਸੰਤ ਨਾ ਆਖੀਅਨ ਬਾਨਾਰਸ ਕੇ ਠਗ ਆਪ ਵੇਖੋ । ਗੁਰੂ ਨਾਨਕ ਨੇ ਅਕਾਲ ਪੁਰਖ ਪਿਤਾ ਦੇ ਨਾਲ ਮਿਲਾਪ, ਅਰਦਾਸ ਕਰਕੇ ਅਗਵਾਈ ਪ੍ਰਾਪਤ ਕਰਨ ਦਾ ਸਰਲ ਸਿੱਧਾ ਮਾਰਗ ਦੱਸਿਆ ਹੈ । ਹਰ ਕਿਸੇ ਨੂੰ ਪਾਰਬ੍ਰਹਮ ਪਿਤਾ ਵਿੱਚ ਵਿਸ਼ਵਾਸ ਕਰਨ, ਉਸਦੇ ਨਾਮ ਸਤਿਨਾਮ ਦਾ ਸਿਮਰਨ, 'ਅੰਮ੍ਰਿਤ ਵੇਲਾ ਸਚ ਨਾਉ', ਮਨ ਕਾ ਤੋਸਾ ਹਰਿ ਨਾਮ ਹੈ ਨਾਮ ਸਿਮਰਨ ਕਰਨ ਨਾਲ ਆਪਣੀ ਮਲੀਨ ਭਰਿਸ਼ਟ ਬੁੱਧੀ ਆਤਮਾ ਨੂੰ ਨਿਰਮਲ ਬਿਬੇਕ ਕਰਕੇ ਉਸ ਦੇ ਨਾਮ ਨੂੰ ਨਿਰਮਲ ਹਿਰਦੈ ਵਿੱਚ ਵਸਾਉਣਾ ਹੈ । ਸੋ ਤਨ ਨਿਰਮਲ ਜਿਤ ਉਪਜੇ ਨੇ ਪਾਪੁ 'ਸਰਬ ਰੋਗ ਕਾ ਅਉਖਧ ਨਾਮੁ' ਸਰਬ ਧਰਮ ਮਹਿ ਸ੍ਰੇਸ਼ਟ ਧਰਮ ਹਰਿ ਕੋ ਨਾਮ ਜਪਿ ਨਿਰਮਲ ਕਰਮ' । ਜੋ ਮਾਇਆਧਾਰੀ ਅਤਿ ਅੰਨ੍ਹੇ ਬੋਲੇ ਪਖੰਡੀ ਡੇਰੇਦਾਰਾਂ ਨੂੰ ਮਾਇਆ ਮੱਥਾ ਟੇਕ ਕੇ ਆਖਦੇ ਹਨ ਨਾਮ ਦਿਉ । ਨਾਮ ਕੋਈ

ਵਸਤੂ ਪਦਾਰਥ ਮਾਇਆ ਨਾਲ ਮੁੱਲ ਖਰੀਦ ਕੇ ਨਹੀਂ ਲਿਆ ਜਾ ਸਕਦਾ ਇਹ ਤਾਂ ਆਪ ਇੱਕ ਮਨ ਇੱਕ ਚਿੱਤ ਆਪ ਬੈਠ ਕੇ ਸਤਿਨਾਮ ਦਾ ਸਿਮਰਨ ਸੁਆਸ ਸੁਆਸ ਕਰਨਾ ਹੈ ਹਿਰਦੈ ਵਿੱਚ ਵਸਾਉਣਾ ਹੈ, 'ਸਚਹੁ ਉਰੈ ਸਭ ਕੋ ਉਪਰ, ਸਚਿ ਆਚਾਰ, 'ਗੁਰਮੁਖਿ ਜਨਮ ਸਵਾਰ ਦਰਗਹ ਚਲਿਆ' 'ਐਸਾ ਕੰਮ ਮੂਲੇ ਨਾ ਕੀਚੈ ਜੇ ਅੰਤਿ ਪਛੁਤਾਈਐ' 'ਮਤਿ ਸ਼ਰਮਿੰਦਾ ਥੀਵੀ ਸਾਈਂ ਦੇ ਦਰਬਾਰ'। ਧਰਮ ਰਾਏ ਨੇ ਸਾਡੇ ਕੀਤੇ ਕਰਮਾਂ ਅਨੁਸਾਰ ਫੈਸਲਾ ਕਰਨਾ ਹੈ। ਸਾਨੂੰ ਸ਼ੁੱਭ ਨਿਰਮਲ ਕਰਮ ਕਰਕੇ ਉਸ ਦੀ ਕਿਰਪਾ ਨਾਲ ਮੁਕਤੀ ਪ੍ਰਾਪਤ ਕਰ ਸਕਣੀ ਹੈ। 'ਅੰਤਿ ਕਾਲਿ ਜੋ ਲਛਮੀ ਸਿਮਰੈ ਸਰਪ ਜੋਨਿ ਵਲਿ ਵਲਿ ਅਉਤਰੈ। ਹਰਿ ਹਰਿ ਨਾਮ ਜਪੰਤਿਆ ਕਿਛੁ ਨ ਕਹੈ ਜਮਕਾਲ' 'ਮਰਣੇ ਹੀ ਤੇ ਪਾਈਐ ਪੂਰਨ ਪਰਮਾਨੰਦ। ਨਾਨਕ ਨਾਮ ਧਿਆਇਆ ਆਦਿ ਪੁਰਖ ਪ੍ਰਭੁ ਪਾਇਆ, 'ਮਨ ਬੇਚੈ ਸਤਿਗੁਰਿ ਕੈ ਪਾਸ ਤਿਸ ਸੇਵਕ ਕੇ ਕਾਰਜ ਰਾਸ। ਨਾਮ ਧਨ ਜਿਸ ਜਨ ਕੈ ਪਾਲੈ ਸੋਈ ਪੂਰਾ ਸਾਹੁ', ਵਿਣੁ ਤੁਧ ਹੋਰ ਜੇ ਮੰਗਣਾ ਸਿਰਿ ਦੁਖਾਂ ਦੇ ਦੁੱਖ ਦੇਹ ਨਾਮ ਸੰਤੋਖੀਆ ਉਤਰੇ ਮਨ ਕੀ ਭੁਖਿ। ਸੰਨ ੧੫੯੫ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ, ਅਕਾਲ ਤਖ਼ਤ ਦੋ ਤਲਵਾਰਾਂ ਪਹਿਨੀਆਂ। ਹੰਕਾਰੀ ਜਹਾਂਗੀਰ ਦੀ ਦਿਮਾਗੀ ਪਰੇਸ਼ਾਨੀ ਨੂੰ ਖਤਮ ਕਰਵਾ ਕੇ ਨੇਕ ਇਨਸਾਨ ਬਾਦਸ਼ਾਹ ਬਣਾ ਦਿੱਤਾ। ਸਿੱਖ ਧਰਮ, ਪੰਥ ਦੀ ਚੜ੍ਹਦੀ ਕਲਾ, ਅਮਰ ਸ਼ਹੀਦਾਂ ਦੀਆਂ ਕੁਰਬਾਨੀਆਂ ਭਰਪੂਰ ਗੌਰਵਮਈ ਵਿਰਸਾ ਇਤਿਹਾਸ, ਕੌਮ ਦੇ ਘਰ ਘਾਟ ਉਜਾੜੇ ਗਏ। ਇਨ੍ਹਾਂ ਦੇ ਪ੍ਰੀਵਾਰਾਂ ਨੇ ਕਦੇ ਕਿਸੇ ਮੁਆਵਜੇ ਦਾ ਕਲੇਮ ਨਹੀਂ ਕੀਤਾ। **1707** ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਟ ਔਰੰਗਜ਼ੇਬ ਨੂੰ ਜਫਰਨਾਮੇ ਵਿੱਚ ਮਕਾਰ ਫਰੇਬੀ ਪਾਜੀ ਧੋਖੇਬਾਜ ਲਿਖ ਕੇ ਲਾਹਨਤਾਂ ਪਾਈਆਂ। ਉਹ ਸ਼ਰਮਸਾਰ ਹੋ ਕੇ ਕਬਰਾਂ ਵਿੱਚ ਦਫਨ ਹੋ ਗਿਆ। ਅੱਜ ਦੇ ਮਾਇਆਧਾਰੀ ਅਤਿ ਅੰਨ੍ਹੇ ਬੋਲੇ ਇਲਾਹੀ ਬਾਣੀ ਤੋਂ ਬੇਮੁੱਖ ਗੈਰ ਅੰਮ੍ਰਿਤਧਾਰੀ ਪਤਤ ਨਸ਼ੇ ਕਰਦੇ ਸਿੱਖੀ ਆਚਰਣ ਨੂੰ ਢਾਹ ਲਗਾ ਰਹੇ ਹਨ। ਹੁਣ ਆਪ ਅਧਿਆਤਮਕ ਸਦਾਚਾਰਕ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਾਹੀ ਉਪਦੇਸ਼ਾਂ ਅਨੁਸਾਰ ਧਰਮ ਬਿਨਾਂ ਸਭ ਦਲੇ ਮਲੈ ਹੈਂ ਰਾਜ ਬਿਨਾ ਨਹਿ ਧਰਮ ਚਲੈ ਹੈ. ਖਾਲਸਾ ਅਕਾਲ ਪੁਰਖ ਦਾ ਹੁਕਮ ਹੈ ਖਾਲਸਾ ਅਕਾਲ ਪੁਰਖ ਕੀ ਫੌਜ ਨੇ ਹੀ ਦੁਸ਼ਟਾਂ ਦਾ ਨਾਸ ਕਰਨਾ ਹੈ। ਹਰ ਕੋਈ ਅਰਦਾਸ ਕਰਦਾ ਹੈ, 'ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ' ਹਰ ਕਿਸੇ ਨੇ ਆਪ ਖਾਲਸਾ ਬਣਨਾ ਹੈ।

(ਇਸ ਲੇਖ ਵਿਚਲੀਆਂ ਤਰੁੱਟੀਆਂ ਲਈ ਲੇਖਕ ਖੁਦ ਜੁੰਮੇਵਾਰ ਹੈ। ਖਿਮਾਂ ਬਖਸ਼ਣਾ)

# ਚਿੱਠੀ ਲਿਖੀ : ਸਿੱਖ ਬੱਚੇ ਨੂੰ

-ਡਾ. ਬ੍ਰਿਜਪਾਲ ਸਿੰਘ*

**ਮੇਰੇ ਪਿਆਰੇ ਸਿੱਖ ਬੱਚੇ ਜੀ,**

ਗੁਰ ਫਤਹਿ, ਗੁਰੂ ਦੀ ਅਸੀਸ ਤੇ ਮੇਰਾ ਘੁੱਟ ਕੇ ਪਿਆਰ। ਪਹਿਲੇ ਮੈਂ ਮਾਫੀ ਮੰਗਦਾ ਹਾਂ ਕਿ ਜਿੰਨਾ ਸੁਖਾਵਾਂ ਬਚਪਨ ਸਾਨੂੰ ਮਿਲਿਆ ਸੀ, ਉਤਨਾ ਸੁਖਾਵਾਂ ਬਚਪਨ ਅਸੀਂ ਤੁਹਾਨੂੰ ਨਹੀਂ ਦੇ ਸਕੇ। ਤੁਹਾਨੂੰ ਖੁੱਲ੍ਹੀ ਹਵਾ, ਲਹਿਲਹਾਂਦੇ ਪਿੱਪਲ ਤੇ ਟਾਹਲੀਆਂ, ਪੀਘਾਂ ਦੇ ਝੂਟੇ, ਚਹਿਕਦੇ ਪੰਛੀ, ਅਸਮਾਨੀ ਚਮਕਦੇ ਤਾਰੇ, ਫੁੱਲਾਂ ਦੀਆਂ ਵਾੜੀਆਂ ਦੀ ਖੁਸ਼ਬੂ, ਖੁੱਲ੍ਹੇ ਵਿਹੜੇ ਤੇ ਖੁੱਲ੍ਹੇ ਖੇਲ ਮੈਦਾਨ, ਮਿੱਠੇ ਸਾਫ ਚਸ਼ਮੇ ਤੇ ਨਦੀਆਂ ਅਸੀਂ ਦਿੱਤੇ ਨਹੀਂ। ਇਹ ਕੁਦਰਤੀ ਪਦਾਰਥ ਤੁਹਾਥੋਂ ਖੋਹ ਲਏ ਹਨ। ਇਸ ਲਈ ਅਸੀਂ ਕਸੂਰਵਾਰ ਮਾਪੇ ਹਾਂ। ਤੁਹਾਨੂੰ ਚਿੱਠੀ ਲਿਖਣ ਦੇ ਅਧਿਕਾਰੀ ਵੀ ਨਹੀਂ ਪਰ ਕਿਉਂਕਿ ਤੁਸੀਂ ਇਹ ਰੱਬ ਦੀਆਂ ਦਾਤਾਂ ਸ਼ੁਰੂ ਤੋਂ ਹੀ ਨਹੀਂ ਲਈਆਂ, ਇਸ ਲਈ ਤੁਹਾਨੂੰ ਘਾਟ ਮਹਿਸੂਸ ਹੀ ਨਹੀਂ ਹੁੰਦੀ। ਪਰ ਸਾਨੂੰ ਤਾਂ ਖੋਹ ਪੈਂਦੀ ਹੈ।

ਹਾਂ, ਤੁਹਾਨੂੰ ਸੁਖ ਦੇਣ ਲਈ ਯਤਨ ਅੱਗੇ ਤੋਂ ਵੀ ਜ਼ਿਆਦਾ ਕਰ ਰਹੇ ਹਾਂ ਵੇਖੋ ਨਾਹ, ਤੁਹਾਨੂੰ ਘਰਾਂ ਵਿੱਚ ਵੱਖਰੇ ਕਮਰੇ ਜਾਂ ਨੁੱਕਰਾਂ ਮਿਲ ਗਈਆਂ, ਨਵੇਂ ਕਿੰਨੇ ਮਹਿੰਗੇ ਖਿਡੌਣੇ ਜੋ ਚਾਬੀ ਨਾਲ ਚੱਲਦੇ ਹਨ, ਦੂਰੋਂ ਤੁਸੀਂ ਉਨ੍ਹਾਂ ਦੀ ਚਾਲ ਤੇ ਦਿਸ਼ਾ ਕੰਟਰੋਲ ਕਰ ਲੈਂਦੇ ਹੋ। ਸਕੂਲਾਂ ਵਿੱਚ ਵਰਦੀ ਤੇ ਕਿਤਾਬਾਂ ਨਾਲ ਭਰੀਆਂ ਲਾਇਬ੍ਰੇਰੀਆਂ, ਅਨੇਕਾਂ ਮਜ਼ਮੂਨ ਤੇ ਅਨੇਕਾਂ ਕਾਪੀਆਂ, ਪੈਂਸਲਾਂ ਨਾਲ ਤੁਹਾਨੂੰ ਇੰਝ ਰਜਾਇਆ ਹੈ ਕਿ ਤੁਹਾਨੂੰ ਸਕੂਲੀ ਬਸਤੇ ਚੁੱਕਣੇ ਔਖੇ ਹਨ। ਸਕੂਲ ਤੁਸੀਂ ਪੈਦਲ ਨਹੀਂ ਜਾਂਦੇ ਸਾਈਕਲ, ਰਿਕਸ਼ੇ, ਸਕੂਟਰ, ਬੱਸਾਂ ਤੇ ਕਾਰਾਂ ਤੁਹਾਨੂੰ ਲੈ ਜਾਂਦੀਆਂ ਹਨ। ਸਕੂਲੀ ਵਿੱਦਿਆ ਦੇ ਕੁੱਲ ਖਰਚੇ ਇੱਕ ਮਹੀਨੇ ਵਿੱਚ ਇਤਨੇ ਹੋ ਗਏ ਹਨ ਜੋ ਅਸੀਂ ੨-੩ ਸਾਲ ਵਿੱਚ ਦਿੰਦੇ ਸਾਂ। ਸੋ ਵੇਖਣ ਨੂੰ ਅਤੇ ਆਂਕੜਿਆਂ ਵਿੱਚ ਤਾਂ ਤੁਸੀਂ ਖੁਸ਼ਕਿਸਮਤ ਲਗਦੇ ਹੋ।

ਪਰ ਜਦੋਂ ਮੈਂ ਤੁਹਾਡੀ ਤਾਕਤ, ਫੁਰਤੀ, ਸੁਡੌਲਤਾ ਦੀ ਸਥਿਰਤਾ, ਸਹਿਜ ਤੇ ਦਿਲ-ਅੱਖਾਂ ਦੀ ਚਮਕ ਆਪਣੇ ਬਚਪਨ ਨਾਲ ਮੁਕਾਬਲੇ 'ਤੇ ਰੱਖਦਾ ਹਾਂ ਤਾਂ ਸੱਚੀਂ ਤੁਹਾਡੇ 'ਤੇ ਤਰਸ ਆਉਂਦਾ ਹੈ। ਤੁਹਾਡੀ ਚਮੜੀ ਦਾ ਬੇਲੋੜਾ ਫੁਲਿਆ ਹੋਣਾ, ਜ਼ਰੂਰਤ ਤੋਂ ਵੱਧ ਭਾਰਾ ਸਰੀਰ : ਅੱਖਾਂ ਤੇ ਐਨਕਾਂ, ਚਿੜਚਿੜਾ, ਗੁੱਸੇ ਤੇ ਨਫ਼ਰਤ, ਹੰਕਾਰ ਵਾਲਾ ਸੁਭਾਅ: ਹਰੇਕ ਦਾ ਯਤਨ ਦੂਜੇ ਨੂੰ ਪਿੱਛੇ ਸੁੱਟਣਾ ਜਾਂ ਉਸ ਤੋਂ ਕੁਝ ਖੋਹ ਲੈਣ ਦੀ ਤੀਬਰ ਭਾਵਨਾ ਵੇਖ ਕੇ ਮੇਰੀ ਹੂਕ ਨਿਕਲਦੀ ਹੈ ਕਿ ਅਸੀਂ ਤੁਹਾਡੇ ਤੋਂ ਧਰਤੀ-ਅਸਮਾਨ, ਹਵਾ-ਪਾਣੀ ਖੋਹ ਕੇ ਬਨਾਵਟੀ, ਕਾਗਜੀ, ਚਮਕਦਾਰ, ਪਰ ਅੰਦਰੋਂ ਖੋਖਲੀ ਤੇ ਖੂੰਖਾਰ ਜ਼ਿੰਦਗੀ ਦਿੱਤੀ ਹੈ। ਇਹ ਤਾਂ ਮੇਰਾ ਦੁੱਖ ਹੈ। ਤੁਹਾਨੂੰ ਤਾਂ ਪਤਾ ਹੀ ਨਹੀਂ ਕਿ ਤੁਸੀਂ ਕੀ ਗੁਆਇਆ ਹੈ। ਸਹੀ ਪਛਾਣ ਸ਼ਾਇਦ ਕਈ ਦਹਾਕਿਆਂ ਬਾਅਦ ਆਵੇਗੀ। ਉਦੋਂ ਅਸੀਂ ਨਹੀਂ ਹੋਵਾਂਗੇ ਪਰ ਤੁਸੀਂ ਸਾਨੂੰ ਤੇ ਸਾਡੀ ਮਸਾਣਾਂ ਦੀ ਸੁਆਹ ਨੂੰ ਵੀ ਮਾਫ਼ ਨਹੀਂ ਕਰੋਗੇ।

ਪਰ ਹਾਲ ਦੀ ਘੜੀ ਤਾਂ ਤੁਸੀਂ ਮੌਜ ਕਰਦੇ ਹੋ-ਮੈਨੂੰ ਤੁਹਾਡੀ ਮੌਜ ਦੀ ਤਸੱਲੀ ਤੇ ਖੁਸ਼ੀ ਹੈ।

ਮੈਨੂੰ ਤੁਸੀਂ ਬਹੁਤ ਪਿਆਰੇ ਲੱਗਦੇ ਹੋ। ਤੁਸੀਂ ਸਾਡਾ ਵਰਤਮਾਨ ਤੇ ਭਵਿੱਖ ਦਾ ਫ਼ਖਰ ਹੋ। ਸਾਡਾ ਈਮਾਨ ਤੇ ਸਾਡੀ ਸ਼ਾਨ ਹੋ। ਜੋ ਆਰਾਮ ਤੇ ਐਸ਼

ਤੁਹਾਨੂੰ ਮਿਲੇ ਹਨ, ਉਹ ਤੁਹਾਡੇ ਹੀ ਰਹਿਣ ਤੇ ਤੁਸੀਂ ਇਸ ਵਿੱਚੋਂ ਸੁੱਖ ਵੀ ਲਵੋ- ਇਹ ਮੇਰੀ ਆਸ਼ਾ ਤੇ ਅਭਿਲਾਸ਼ਾ ਹੈ।

ਮੈਂ ਤੁਹਾਡਾ ਹਾਂ। ਤੁਹਾਡਾ ਪਿਆਰਾ ਹਾਂ, ਇਸੇ ਲਈ ਕੁੱਝ ਗੱਲਾਂ ਕਰਨ ਲਈ ਇਹ ਚਿੱਠੀ ਲਿਖ ਰਿਹਾ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਹਨ। ਅਸੀਂ, ਇਸ ਕਰਕੇ, ਸਾਂਝੇ ਭਰਾ ਤੇ ਮਿੱਤਰ ਵੀ ਹਾਂ-ਭਾਵੇਂ ਉਮਰ ਵਿੱਚ ਮੈਂ ਤੁਹਾਡਾ ਦਾਦਾ ਤੇ ਬਾਪੂ ਹੀ ਹਾਂ।

ਤੁਹਾਡਾ ਜੀਅ ਕਰਦਾ ਹੋਣੈ ਕਿ ਤਰੱਕੀ ਕਰੋ। ਅੱਗੇ ਵੱਧੋ। ਮਾਪਿਆਂ ਨੇ ਵੀ ਇਹੀ ਦੱਸਿਆ ਹੋਣੈਂ ਤੇ ਸਕੂਲ ਤੋਂ ਵੀ ਤੁਸੀਂ ਇਹੀ ਸਿੱਖਿਆ ਹੋਣੈਂ। ਮੈਂ ਵੀ ਇਹੀ ਚਾਹੁੰਦਾ ਹਾਂ। ਅਸੀਂ ਆਪਣੇ ਆਪ ਲਈ ਵੀ ਇਹੀ ਮੰਗਦੇ ਹਾਂ। ਇਸ ਤਰ੍ਹਾਂ ਅਸੀਂ ਸਾਰੇ ਇੱਕ ਪੁਜੀਸ਼ਨ ਤੋਂ, ਇੱਕੋ ਬਿੰਦੂ ਤੋਂ ਸ਼ੁਰੂ ਹੁੰਦੇ ਹਾਂ। ਤਰੱਕੀ, ਵਿਕਾਸ ਸਾਡਾ ਨਿਸ਼ਾਨਾ ਹੋਵੇ ਤੇ ਹੈ ਵੀ।

ਮੈਂ ਤਾਂ ਚਿੱਠੀ ਪਾ ਕੇ ਇੱਕ ਪ੍ਰਸ਼ਨ ਕਰਨ ਲੱਗਾ ਹਾਂ : ਤਰੱਕੀ ਜਾਂ ਵਿਕਾਸ ਕਿਸ ਨੂੰ ਕਹਿੰਦੇ ਹਨ ? ਜਿਥੇ ਖੜ੍ਹੇ ਹਾਂ ਉਸ ਤੋਂ ਅੱਗੇ ਹੋਰ ਵਧੀ ਜਾਣਾ ? ਜੋ ਕੁਝ ਹੈ ਉਸ ਨੂੰ ਹੋਰ ਵਧਾਣਾ ? ਹੋਰ ਚੱਲੀ ਜਾਣਾ ਤੇ ਹੋਰ ਲਈ ਜਾਣਾ ? ਕੀ ਇਹੀ ਵਿਕਾਸ ਜਾਂ ਤਰੱਕੀ ਹੈ ? ਅਸੀਂ ਕਿੱਧਰ ਮੂੰਹ ਕਰਕੇ ਖੜ੍ਹੇ ਹਾਂ ; ਕਿੱਥੇ ਖੜ੍ਹੇ ਹਾਂ, ਕਿਹੜੀ ਸੇਧ ਵਿੱਚ ਜਾਣਾ ਹੈ- ਕੀ ਇਹ ਜ਼ਰੂਰੀ ਨਹੀ ? ਕਈ ਕਹਿੰਦੇ ਹਨ, ਸਿਰਫ ਇਹ ਦੇਖੋ, ਬਾਕੀ ਲੋਕ ਕਿਧਰ ਜਾ ਰਹੇ ਹਨ। ਬਸ ਤੁਸੀਂ ਵੀ ਉਧਰ ਤੁਰੀ ਜਾਓ ਜਾਂ ਇਤਨਾ ਤੇਜ਼ ਕਿ ਕਈਆਂ ਤੋਂ ਅੱਗੇ ਹੋ ਜਾਵੋ। ਪਰ ਇਹ ਜੀਵਨ-ਜਲੂਸ ਇਤਨਾ ਵੱਡਾ ਤੇ ਲੰਬਾ ਹੈ ਕਿ ਕਿਸੇ ਥਾਂ'ਤੇ ਕਿਸੇ ਵੇਲੇ ਵੀ ਤੁਹਾਡੇ ਤੋਂ ਅੱਗੇ ਹੋਰ ਬਥੇਰੇ ਹਨ। ਇਵੇਂ ਤੁਹਾਡੇ ਤੋਂ ਪਿੱਛੇ ਵੀ ਬੜੇ ਹਨ। ਇਸ ਬੇਸ਼ੁਮਾਰ ਦੁਨੀਆਂ ਵਿੱਚ ਮੇਰੀ ਗਿਣਤੀ ਇੱਕ ਇਕੱਲੇ ਦੀ ਕੋਈ ਅਰਥ ਨਹੀਂ ਰੱਖਦੀ। ਇਸ ਲਈ ਜਪੁਜੀ ਸਾਹਿਬ ਵਿੱਚ ਗੁਰੂ ਜੀ ਨੇ ਅਸੰਖ ਜਪ, ਅਸੰਖ ਭਗਤ ਆਦਿ ਦਾ ਜ਼ਿਕਰ ਕਰਕੇ 'ਅਸੰਖ ਮੂਰਖ ਅੰਧਿ ਘੋਰੁ'ਤੇ 'ਅਸੰਖ ਚੋਰ ਹਰਾਮਖੋਰ' ਆਦਿ ਵੀ ਦੱਸੇ ਹਨ। ਸੋ ਸੰਸਾਰੀ ਜੀਵਨ-ਜਲੂਸ ਵਿੱਚ ਤੁਰੀ ਜਾਣਾ ਜਾਂ ਅੱਗੇ ਵਧਣਾ ਕੋਈ ਵੱਡੀ ਪ੍ਰਾਪਤੀ ਜਾ ਵਿਕਾਸ ਨਹੀਂ।

ਤੁਸੀਂ ਸਿੱਖ ਮਾਤਾ-ਪਿਤਾ ਦੇ ਸਿੱਖ ਬੱਚੇ ਹੋ। ਇਹ ਤੁਹਾਡਾ ਮਾਣ ਤੇ ਵੱਡਾ ਭਾਗ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖੀ ਰਾਹ ਦੀ ਸਹੀ ਪਛਾਣ ਕਰਨਾ ਤੁਹਾਡਾ ਪਹਿਲਾ ਕਰਤੱਵ ਹੋਣਾ ਚਾਹੀਦਾ ਹੈ। ਕੀ ਤੁਸੀਂ ਆਪਣੇ ਮਾਤਾ-ਪਿਤਾ, ਵੱਡੇ ਭਰਾ-ਭੈਣ ਜਾਂ ਦਾਦਾ-ਦਾਦੀ ਜਾਂ ਨਾਨਾ-ਨਾਨੀ ਨਾਲ ਕਦੇ ਸਿੱਖੀ ਬਾਰੇ ਵਿਚਾਰ ਕੀਤੀ ਹੈ ? ਜੇ ਕੀਤੀ ਹੈ ਤਾਂ ਇਹ ਸਫਲ ਵਿਚਾਰ ਹਨ। ਜੇ ਹਾਲੇ ਨਹੀਂ ਕੀਤੀ ਤਾਂ ਹੁਣ ਕਰੋ। ਆਪ ਪੁੱਛੋ ਤੇ ਬਾਰ-ਬਾਰ ਪੁੱਛ ਕੇ ਉਨ੍ਹਾਂ ਨੂੰ ਮਜਬੂਰ ਕਰੋ ਕਿ ਤੁਹਾਡੇ ਨਾਲ ਅਜਿਹੀਆਂ ਗੱਲਾਂ ਛੁੱਟੀ ਵਾਲੇ ਦਿਨ ਖਾਣੇ ਦੇ ਬਾਅਦ ਕਰਨ। ਆਪਣੇ ਵਿਰਸੇ ਨੂੰ ਪਛਾਣੋ ਤੇ ਸਮਝੋ। ਜੇ ਤੁਹਾਨੂੰ ਨਹੀਂ ਪਤਾ ਤਾਂ ਮੈਂ ਸੁਝਾਅ ਦੇਂਦਾ ਹਾਂ ਕਿ ਇੰਜ ਪੁੱਛੋਂ : ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਦੇ ਜੀਵਨ ਦਾ ਕੀ ਮਿਸ਼ਨ ਸੀ ? ਇਸ ਦੁਨੀਆਂ ਵਿੱਚ ਆ ਕੇ ਉਨ੍ਹਾਂ ਆਪ ਕਿਵੇਂ ਜੀਵਨ ਜੀਵਿਆ ਤੇ ਆਪਣੇ ਸਿੱਖਾਂ ਨੂੰ ਕਿਵੇਂ ਜੀਵਨ ਜੀਣਾ ਦੱਸਿਆ ? ਸਿੱਖੀ ਦਾ ਬਾਹਰਲਾ ਤੇ ਅੰਦਰਲਾ ਸਰੂਪ ਕੀ ਹੈ ਤੇ ਕਿਉਂ ਹੈ ? ਸਿਮਰਨ, ਪਾਠ, ਕੀਰਤਨ ਸੇਵਾ ਕੀ ਹਨ ਤੇ ਕਿਉਂ ਲੋੜ ਹੈ ? ਸਿੱਖੀ ਨਾਲ ਜੁੜੀਆਂ ਸੰਸਥਾਵਾਂ ਸੰਗਤ, ਗੁਰਦੁਆਰਾ, ਲੰਗਰ, ਧਰਮ

ਦੀ ਕਿਰਤ ਤੇ ਦਸਵੰਧ ਦਾ ਸਾਡੇ ਨਿੱਜੀ ਜੀਵਨ ਨਾਲ ਕੀ ਸੰਬੰਧ ਹੈ ? ਸਾਡੇ ਜਨਮ, ਪਗੜੀ ਸਜਾਉਣ, ਕੇਸਾਂ ਦੇ ਪਿਆਰ ਤੇ ਸੰਭਾਲ, ਅੰਮ੍ਰਿਤ ਛਕਣਾ, ਵਿਆਹ, ਕਾਰ-ਵਿਹਾਰ, ਜੀਵਨ ਦੀ ਅੰਤਮ ਯਾਤਰਾ ਦੇ ਕੀ ਸੰਸਕਾਰ ਹਨ ਤੇ ਕਿਉਂ ਅਸੀਂ ਇਨ੍ਹਾਂ ਸਾਰਿਆਂ ਕਾਰਜਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਰਾ ਲੈਂਦੇ ਹਾਂ ? ਦੁੱਖ, ਬਿਮਾਰੀ, ਬਿਪਤਾ, ਖੁਸ਼ੀ ਜਾਂ ਪ੍ਰਾਪਤੀ ਵਿੱਚ ਵੀ ਕਿਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਾਡੇ ਸੰਗੀ, ਸਾਥੀ ਤੇ ਰੱਖਿਅਕ ਹਨ ? ਬੱਚੇ ਦਾ ਆਪਣਾ, ਜੁਆਨਾਂ ਦਾ ਤੇ ਬਜ਼ੁਰਗਾਂ ਦਾ ਸਿੱਖੀ ਜੀਵਨ ਕਿੰਝ ਦਾ ਹੋਣਾ ਚਾਹੀਦਾ ਹੈ ? ਇਹ ਪ੍ਰਸ਼ਨ ਤੇ ਉੱਤਰ ਇੱਕ ਵਾਰ ਵਿੱਚ ਨਹੀਂ ਮੁੱਕਦੇ , ਇੱਕ-ਇੱਕ ਕਰਕੇ ਇਨ੍ਹਾਂ ਨੂੰ ਚੱਲਦਾ ਵਿਚਾਰ ਬਣਾ ਕੇ ਰੱਖੋ । ਇੰਜ ਤੁਹਾਡਾ ਮੂਲ, ਤੁਹਾਡਾ ਵਿਰਸਾ ਤੇ ਤੁਹਾਡਾ ਕਲਚਰ, ਤੇ ਤੁਹਾਡਾ ਚਰਿੱਤਰ ਤੁਹਾਨੂੰ ਮਿਲੇਗਾ ਤੇ ਤੁਸੀਂ ਜੀਵਨ ਵਿੱਚ ਅਨੋਖੀ ਤੇ ਸਦੀਵੀ ਸੁਖ-ਸ਼ਾਂਤੀ ਦੇ ਨੇੜੇ ਪਹੁੰਚੋਗੇ । ਇਹ ਪ੍ਰਸ਼ਨ ਜ਼ਰੂਰੀ ਹਨ ਤੇ ਉੱਤਰ ਤੁਹਾਡੇ ਕੋਲ ਜ਼ਰੂਰ ਹੋਣੇ ਚਾਹੀਦੇ ਹਨ ।

ਜੇ ਮਾਤਾ-ਪਿਤਾ ਤੇ ਰਿਸ਼ਤੇਦਾਰ ਇਨ੍ਹਾਂ ਪ੍ਰਸ਼ਨਾਂ ਦੇ ਤਸੱਲੀਬਖਸ਼ ਉੱਤਰ ਨਹੀਂ ਦੇ ਸਕਦੇ ਤਾਂ ਆਲੇ-ਦੁਆਲੇ ਦੇ ਗੁਰਸਿੱਖ ਜੀਵਨ ਵਾਲੇ ਕਿਸੇ ਵੀ ਅਧਿਆਪਕ, ਵੀਰ, ਚਾਚਾ ਜਾਂ ਚਾਚੀ, ਭੂਆ, ਮਾਮਾ-ਮਾਮੀ ਆਦਿ ਤੋਂ ਪੁੱਛੋ । ਉਹ ਵੀ ਤਸੱਲੀ ਨਹੀਂ ਦਿੰਦੇ ਤਾਂ ਚੰਗੀਆਂ ਕਿਤਾਬਾਂ ਇਨ੍ਹਾਂ ਵਿਸ਼ਿਆਂ ਦੀਆਂ ਸਕੂਲ ਤੋਂ, ਲਾਇਬ੍ਰੇਰੀ ਤੋਂ ਲੈ ਕੇ ਪੜ੍ਹੋ ।

ਹਾਂ, ਸਿੱਖੀ ਸਿਰਫ ਵਿਚਾਰਧਾਰਾ ਹੀ ਨਹੀਂ-ਇਹ ਤਾਂ ਜੀਵਨ ਜੀਣ ਦਾ ਸਹੀ ਢੰਗ ਹੈ । ਸੋ ਸਿੱਖੀ ਅਨੁਸਾਰ, ਗੁਰੂ ਦੀ ਦਿੱਤੀ ਮੱਤ ਅਨੁਸਾਰ (ਗੁਰਮਤਿ) ਜੀਵਨ ਜੀਣਾ ਤੇ ਗੁਰੂ ਦੇ ਪਿਆਰ ਵਿੱਚ ਰੀਝ ਕੇ ਉਸ ਦਾ ਸਦੀਵੀ ਆਸਰਾ ਲੈਣਾ ਹੀ ਸਿੱਖੀ ਹੈ । ਇਹ ਵੀ ਅਸਲ ਸੁੱਖ, ਇਹ ਜ਼ਿੰਦਗੀ ਤੇ ਇਹੀ ਬੰਦਗੀ ਹੈ ।

ਸਿੱਖੀ ਸੰਸਾਰਕ ਸਫ਼ਲਤਾ ਤੋਂ ਰੋਕਦੀ ਨਹੀਂ । ਸੰਸਾਰਕ ਸਫ਼ਲਤਾ ਵਿੱਚ ਰੁਕਾਵਟ ਨਹੀਂ ਬਣਦੀ, ਸਗੋਂ ਸਫ਼ਲਤਾ ਦੀ ਸਹੀ ਸੇਧ ਦੇ ਕੇ ਉਸ ਵਿੱਚ ਸਹਾਈ ਹੁੰਦੀ ਹੈ । ਸਿੱਖ ਇਸ ਲੋਕ ਦਾ ਸਫਲ ਇਨਸਾਨ ਹੈ ।

ਸਿੱਖ ਆਪਣੇ ਕਿੱਤੇ ਵਿੱਚ,ਆਪਣੀ ਨੌਕਰੀ ਵਿੱਚ, ਜਾਂ ਜਿਵੇਂ ਤੁਸੀਂ ਵਿਦਿਆਰਥੀ ਹੋ ਤਾਂ ਵਿੱਦਿਆ ਸਿੱਖਣ ਵਿੱਚ, ਸਦਾ ਨਿਪੁੰਨ ਅਤੇ ਬਹੁਤਿਆਂ ਤੋਂ ਅੱਗੇ ਹੁੰਦਾ ਹੈ । ਕੀ ਤੁਸੀਂ ਪੜ੍ਹਾਈ ਵਿੱਚ ਔਸਤ ਜਾਂ ਔਸਤ ਤੋਂ ਹੇਠਾਂ ਤਾਂ ਨਹੀਂ ? ਜੇ ਹੋ ਤਾਂ ਇਹ ਘਾਟਾ ਜਲਦੀ ਪੂਰਾ ਕਰੋ । ਸਿੱਖ ਗੁਰੂ ਦੀ ਬਖਸ਼ਿਸ਼ ਦਾ ਸਦਕਾ, ਸਦਾ ਹੀ ਪਹਿਲੀ ਕਤਾਰ ਵਿੱਚ ਹੁੰਦਾ ਹੈ । ਇਹ ਉਸ ਉੱਤੇ ਗੁਰੂ ਦੀ ਅਸੀਸ ਹੈ । ਇਸ ਲਈ ਤੁਹਾਡਾ ਪਹਿਲਾ ਕਾਰਜ ਪੜ੍ਹਾਈ, ਖੇਡਾਂ ਤੇ ਸਕੂਲ ਦੀਆਂ ਹੋਰ ਕਿਰਿਆਵਾਂ ਵਿੱਚ ਅੱਗੇ ਵਧਣਾ ਹੈ । ਤੁਹਾਡੀ ਨਿਪੁੰਨਤਾ ਦੂਜਿਆਂ ਲਈ ਮਾਰਗ ਦਰਸ਼ਨ ਬਣੇ । ਸਕੂਲ ਦੀ ਪੜ੍ਹਾਈ, ਖੇਡਾਂ ਤੇ ਹੋਰ ਪੜ੍ਹਾਈ ਤੋਂ ਛੂਟ ਕਾਰਜਾਂ (ਸਟੇਜ ਤੋਂ ਬੋਲਣਾ, ਮੁਕਾਬਲਿਆਂ ਵਿੱਚ ਹਿੱਸਾ ਲੈਣਾ ਆਦਿ) ਵਿੱਚ ਤੁਸੀਂ ਜ਼ਰੂਰ ਅੱਗੇ ਵਧੋ ।

ਪਰ ਤਰੱਕੀ ਸਿਰਫ ਸੰਸਾਰਕ ਕਾਰਜਾਂ ਤੱਕ ਸੀਮਤ ਰਹਿ ਜਾਵੇ- ਇਹ ਸਿੱਖੀ ਦੀ ਸੰਪੂਰਨਤਾ ਨਹੀਂ, ਭਾਵੇ ਸਿੱਖੀ ਦਾ ਇੱਕ ਅੰਗ ਹੈ । ਸਿੱਖੀ ਦੀ ਸੰਪੂਰਨਤਾ ਸਿਰਫ ਕਿਰਤ ਨਹੀਂ, ਸਗੋਂ ਹੋਰ ਵੀ ਬਹੁਤ ਕੁਝ ਹੈ । ਪਰ ਪਹਿਲਾਂ ਹਾਲੇ ਕਿਰਤ ਦੀ ਗੱਲ ਵੀ ਅੱਗੇ ਤੋਰ ਲਈਏ । ਸਿੱਖ ਦੀ ਕਿਰਤ, ਧਰਮ ਦੀ ਕਿਰਤ ਹੈ । ਸਿਰਫ ਕਿਰਤ ਤਾਂ ਸਾਰੇ ਕਰਦੇ ਹਨ । ਪਰ ਧਰਮ ਦੀ ਕਿਰਤ ਗੁਰੂ

ਨੇ ਦੱਸੀ ਹੈ। ਸੋ, ਪੜ੍ਹਾਈ ਵਿੱਚ ਧੋਖਾ ਤੇ ਦਗਾ ਕਰਨਾ, ਇਮਤਿਹਾਨ ਵਿੱਚ ਨਕਲ ਮਾਰਨਾ ਤੇ ਝੂਠ ਬੋਲ ਕੇ ਆਪਣੇ ਆਪ ਨੂੰ ਅੱਗੇ ਲਿਜਾਣਾ ਜਾਇਜ਼ ਨਹੀਂ। ਸਹਿਪਾਠੀਆਂ ਨਾਲ, ਆਪਣੇ ਅਧਿਆਪਕਾਂ ਨਾਲ, ਅਧਿਕਾਰੀਆਂ ਨਾਲ ਕੋਈ ਵੀ ਫਰੇਬ, ਝੂਠ, ਦਗਾ, ਚਾਹੇ ਕਿਤਨੇ ਵੀ ਅੰਕ ਦੇਵੇ, ਉਹ ਸਿੱਖੀ ਦੇ ਸੱਚ ਤੇ ਸੁੱਚ ਨੂੰ ਦਾਗ ਹੈ। ਮਿਹਨਤ ਨਾਲ, ਕਮਾਈ ਨਾਲ ਲਿਆਕਤ ਨਾਲ ਜ਼ਰੂਰ ਅੱਗੇ ਵਧੋ। ਸਿੱਖੀ ਦੇ ਸੱਚ ਨੂੰ ਛੱਡ ਕੇ ਅੱਗੇ ਵਧਣਾ ਚੌੜ ਹੋਣਾ ਹੈ। ਇਹ ਵਿਕਾਸ ਨਹੀਂ।

ਸਵੇਰੇ ਉਠ ਕੇ ਸਾਡੇ ਸਮੇਂ ਉੱਤੇ ਪਹਿਲਾ ਅਧਿਕਾਰ ਸਾਡੇ ਗੁਰੂ ਤੇ ਨਿਰੰਕਾਰ ਦਾ ਹੈ। ਸਕੂਲ ਦੇ ਸਮੇਂ ਤੋਂ ਸਹਿਜ ਨਾਲ ਪਹਿਲਾਂ ਤਿਆਰ ਹੋਵੋ। ਇਸ਼ਨਾਨ ਕਰੋ, ਸਰੀਰ ਦੀ ਸਫਾਈ ਵੱਲ ਧਿਆਨ ਦਿਓ ਪਰ ਅੰਨ-ਪਾਣੀ ਤੋਂ ਵੀ ਪਹਿਲਾਂ, ਚੰਗੇ ਸਵੇਰੇ ਵੇਲੇ, ਸਗੋਂ ਅੰਮ੍ਰਿਤ ਵੇਲੇ ਹੀ, ਆਪਣੇ ਮਨ, ਸੁਰਤੀ ਤੇ ਆਤਮਾ ਨੂੰ ਗੁਰੂ-ਉਪਦੇਸ਼ ਨਾਲ ਜੋੜਨ ਲਈ ਨਿਤਨੇਮ ਬਾਣੀਆਂ ਦਾ ਪਾਠ ਅਤਿ ਜ਼ਰੂਰੀ ਹੈ। ਸ਼ੁਰੂਆਤ ਜਪੁਜੀ ਸਾਹਿਬ ਤੋਂ ਕਰਕੇ ਹੌਲੀ-ਹੌਲੀ ਪੰਜ ਬਾਣੀਆਂ ਦੇ ਰੋਜ਼ ਦੇ ਨਿਤਨੇਮ 'ਤੇ ਪਹੁੰਚੋ।

ਪਾਠ, ਰੱਬ ਨਾਲ, ਗੁਰੂ ਨਾਲ ਗੱਲਾਂ ਕਰਨਾ ਹੈ। ਸ਼ੁੱਧ ਪਾਠ ਤੇ ਸਹਿਜ ਨਾਲ ਪਾਠ ਕਰੋਗੇ ਤਾਂ ਅੰਦਰੋਂ ਰਸ ਆਵੇਗਾ ਤੇ ਤੁਹਾਨੂੰ ਰੱਬੀ ਮਿਠਾਸ ਦਾ ਸੁਆਦ ਆਵੇਗਾ।

ਇਹ ਜੀਵਨ ਪੜ੍ਹਾਈ ਵਾਸਤੇ, ਕਾਰ-ਵਿਹਾਰ ਵਾਸਤੇ ਤੇ ਕੇਵਲ ਖਾਣ-ਪੀਣ ਵਾਸਤੇ ਨਹੀਂ ਮਿਲਿਆ। ਗੁਰਸਿੱਖੀ ਤੇ ਗੁਰਮਤਿ ਦੀ ਕਾਰ ਵਾਸਤੇ ਮਿਲਿਆ ਹੈ। ਰੱਬ ਨਾਲ ਪਿਆਰ ਤੇ ਉਸ ਦੇ ਹੁਕਮ-ਰਜਾਈ ਚੱਲਣ ਵਾਸਤੇ ਹੈ। ਇਹ ਉਪਦੇਸ਼ ਸ਼ਬਦ-ਗੁਰਬਾਣੀ ਨਾਲ ਦ੍ਰਿੜ੍ਹ ਕਰਨ 'ਤੇ ਹੀ ਕਮਾਇਆ ਜਾ ਸਕਦਾ ਹੈ। ਨਿਤਨੇਮ ਰੋਜ਼ ਦੀ ਉਪਦੇਸ਼ ਯਾਦ ਹੈ, ਮਨ ਨੂੰ ਧੋਣਾ ਤੇ ਸਮਝਣਾ ਹੈ ਤੇ ਪ੍ਰਭੂ ਦੀ ਸਿਮਰਨ-ਯਾਦ ਵਿੱਚ ਜੁੜਨਾ ਹੈ।

ਮੇਰੇ ਪਿਆਰੇ ਬੱਚੇ ਜੀਓ, ਗੁਰੂ ਜੀ ਨੇ ਵੰਡ ਛਕਣ ਲਈ ਵੀ ਕਿਹਾ ਹੈ। ਤੁਸੀਂ ਲਾਇਕ ਬੱਚੇ ਹੋ ਕੇ ਦੂਜੇ ਗੁਰਸਿੱਖ ਬੱਚਿਆਂ ਤੇ ਹੋਰਨਾਂ ਦੀ ਵੀ ਪੜ੍ਹਾਈ ਲਈ ਮਦਦ ਕਰੋ। ਆਪਣੀ ਲਿਆਕਤ ਤੇ ਆਪਣੇ ਨੋਟਿਸ ਹੋਰਨਾਂ ਨਾਲ ਸਾਂਝੇ ਕਰੋ। ਜੋ ਮਾਤਾ-ਪਿਤਾ, ਖਾਣ-ਖਰਚ ਲਈ ਦੇਣ, ਬੇਸ਼ੱਕ ਉਹ ਵੀ ਵੰਡ ਖਾਓ। ਪਰ ਸਭ ਤੋਂ ਵੱਡੀ ਵੰਡਣ ਦੀ ਲੋੜ ਹੈ - ਆਪਣੇ ਸਿੱਖੀ ਪਿਆਰ ਦੀ ਤੇ ਸਿੱਖੀ ਗਿਆਨ ਦੀ। ਇਤਿਹਾਸ, ਗੁਰਬਾਣੀ ਤੇ ਰਹਿਤ ਮਰਿਯਾਦਾ ਨੂੰ ਵੀ ਵੰਡ ਕੇ ਛਕੋ :ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥(ਅੰਗ ੨੯੦)

ਹਾਂ, ਸਿੱਖ ਸੰਤ ਤੇ ਸਿਪਾਹੀ ਵੀ ਹੈ। ਤੁਸੀਂ ਸਿਪਾਹੀ ਹੋ ਸਿੱਖੀ ਸਰੂਪ, ਸਿੱਖੀ ਸਪਿਰਿਟ ਤੇ ਸਿੱਖੀ ਰਹਿਤ ਦੇ ਰਾਖੇ ਬਣ ਕੇ। ਜੇ ਕੋਈ ਭੁੱਲੜ ਜਾਂ ਦੁਸ਼ਮਣ ਇਨ੍ਹਾਂ ਮੂਲ ਕੀਮਤਾਂ 'ਤੇ ਹਮਲਾ ਕਰੇ ਤੇ ਕਹੇ ਕਿ ਕੇਸਾਂ ਦੀ ਲੋੜ ਨਹੀਂ, ਦਸਤਾਰ ਦੀ ਲੋੜ ਨਹੀਂ ਜਾਂ ਬਾਣੀ ਪੜ੍ਹਨ ਦੀ ਲੋੜ ਨਹੀਂ ਜਾਂ ਕੋਈ ਮੂਰਖ ਕਹੇ ਕਿ ਅੱਜ ਦੇ ਜ਼ਮਾਨੇ ਵਿੱਚ ਸੱਚੇ-ਸੁੱਚੇ ਈਮਾਨਦਾਰ ਜੀਵਨ ਦੀ ਲੋੜ ਨਹੀਂ ਤਾਂ ਉਸ ਦਾ ਡੱਟ ਕੇ, ਸਿੱਖ ਸੰਤ-ਸਿਪਾਹੀ ਬਣ ਕੇ ਟਾਕਰਾ ਕਰੋ। ਗਿਆਨ ਦੇ ਮੈਦਾਨ ਵਿੱਚ, ਵਿਚਾਰ ਦੇ ਮੈਦਾਨ ਵਿੱਚ ਤੇ ਵਿਖਿਆਨ ਦੇ ਮੈਦਾਨ ਵਿੱਚ, ਮੇਰੇ ਬੱਚੇ ਜੀ, ਸਿੱਖੀ ਦੇ ਰਾਖੇ ਬਣੋ। ਭੁੱਲਿਆਂ ਨੂੰ ਰਾਹੇ ਪਾਓ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

*ਡਾ.ਬ੍ਰਿਜਪਾਲ ਸਿੰਘ 11,ਗਰੀਨ ਵਿਊ ਕਲੋਨੀ,ਰਜਬਾਹਾ ਰੋਡ,ਪਟਿਆਲਾ-147001

# ਭਗਤ ਧੰਨਾ ਜੀ



(1415 ਤੋਂ 1475 ਈ:)

-ਅਬਨਾਸ਼ੀ ਸਿੰਘ

ਈਸਵੀ ਸੰਨ 1415 ਨੂੰ ਰਾਜਪੂਤਾਨੇ ਦੇ ਟਾਂਕ ਇਲਾਕੇ ਦੇ ਧੂਆਨ ਪਿੰਡ ਵਿੱਚ ਇੱਕ ਗਰੀਬ ਜੱਟ ਪ੍ਰੀਵਾਰ ਵਿੱਚ ਜਨਮੇ ਧੰਨਾ ਜੀ ਉਨ੍ਹਾਂ ਸਿਦਕਵਾਨਾਂ ਵਿੱਚੋਂ ਇੱਕ ਸਨ ਜੋ ਆਪਣੇ ਜੀਵਨ ਨਿਰਬਾਹ ਲਈ ਕੰਮ ਕਾਜ ਵਿੱਚ ਖਚਤ ਹੁੰਦੇ ਹੋਏ ਵੀ ਅਕਾਲਪੁਰਖ ਦੀ ਉਸਤਤ ਵਿੱਚ ਸ਼ਰਧਾਮਈ ਭਾਵਨਾ ਨਾਲ ਜੁਟੇ ਰਹਿੰਦੇ । ਇਸੇ ਸਿਦਕੀ ਭਾਵਨਾ ਨੇ ਧੰਨਾ ਜੀ ਨੂੰ ਇੱਕ ਪੱਥਰ ਵਿੱਚੋਂ ਅਕਾਲ ਪੁਰਖ ਦੇ ਦਰਸ਼ਨ ਕਰਵਾਏ । ਸਾਦਾ ਦਿਲ ਤੇ ਨੇਕ ਸੁਭਾਅ ਵਾਲੇ ਧੰਨਾ ਜੀ ਨੇ ਪੰਡਿਤ ਦੇ ਕਹੇ ਤੇ ਪੱਥਰ ਨੂੰ ਭਗਵਾਨ ਸਮਝਿਆ ਅਤੇ ਉਸ ਨੂੰ ਭੋਗ ਲਾਣ ਲਈ ਬੇਨਤੀ ਕੀਤੀ ਅਤੇ ਬਾਰ-ਬਾਰ ਇਹੀ ਕਹਿਣ ਲੱਗ ਪਏ ਕਿ ਜਦ ਤੱਕ ਭਗਵਾਨ ਭੋਗ ਨਹੀਂ ਲਗਾਉਣਗੇ ਉਹ ਵੀ ਕੁਝ ਸੇਵਨ ਨਹੀਂ ਕਰਨਗੇ । ਭਾਈ ਗੁਰਦਾਸ ਜੀ ਨੇ ਇਸ ਸਾਰੀ ਵਿਥਿਆ ਨੂੰ ਬੜੇ ਸੋਹਣੇ ਰੂਪ ਵਿੱਚ ਆਪਣੀ ਦਸਵੀਂ ਵਾਰ ਦੀ 13 ਵੀਂ ਪਉੜੀ ਵਿੱਚ ਦਰਜ ਕੀਤਾ ਹੈ ਜੋ ਇਵੇਂ ਹੈ:-

ਬਾਮ੍ਹਣ ਪੂਜੇ ਦੇਵਤੇ ਧੰਨਾ ਗਊ ਚਰਾਵਣਿ ਆਵੈ ।
ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣ ਆਖਿ ਸੁਣਾਵੈ ।
ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ ।
ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ ।
ਪਥਰੁ ਇਕੁ ਲਪੇਟਿ ਕਰਿ ਦੇ ਧੰਨੇ ਨੋ ਗੈਲ ਛਡਾਵੈ ।
ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ ।
ਹਥਿ ਜੋੜ ਮਿਨਿਤ ਕਰੈ ਪੈਰੀ ਪੈ ਪੈ ਬਹੁਤ ਮਨਾਵੈ ।
ਹਉ ਭੀ ਮੁਹੁ ਨ ਜੁਠਾਲਸਾਂ ਤੂੰ ਰੁਠਾ ਮੈ ਕਿਹੁ ਨ ਸੁਖਾਵੈ ।
ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ ।
ਭੋਲਾ ਭਾਉ ਗੋਬਿੰਦੁ ਮਿਲਾਵੈ ।

ਭੋਲੇ ਭਾਲੇ ਸਾਦਾ ਲੋਹ ਭਗਤ ਜੀ ਦ੍ਰਿੜ ਧਾਰਨਾ ਨੂੰ ਪਰਵਾਨ ਕਰਦਿਆਂ ਹੋਇਆਂ ਅੰਤ ਭਗਵਾਨ ਨੂੰ ਇਨ੍ਹਾਂ ਦੇ ਪੱਥਰ ਦੇ ਟੁਕੜੇ ਵਿੱਚ ਹੀ ਠਾਕਰ ਦਾ ਰੂਪ ਧਾਰਨ ਕਰਕੇ ਭੋਗ ਲਾਣਾ ਪਿਆ । ਧੰਨਾ ਜੀ ਦੇ ਅਹਿਲ ਨਿਸ਼ਚੇ ਦੀ ਜਿੱਤ ਹੋਈ ਤੇ ਸਹਿਜ ਸੁਭਾਏ ਇਸ ਲਾਮਿਸਾਲ ਪ੍ਰਾਪਤੀ ਸਦਕਾ ਉਹ ਪ੍ਰਭੂ ਵਿੱਚ ਮਗਨ ਹੋ ਗਏ । ਸੁਚੇ ਨਿਸ਼ਚੇ ਤੇ ਭੋਲੇ ਭਾਉ ਨਾਲ ਵਾਹਿਗੁਰੂ ਨੂੰ ਪਸੀਜਣਾ ਕਿਤਨਾ ਸੌਖਾ ਹੈ, ਇਹ ਗਲ ਧੰਨਾ ਜੀ ਦੇ ਉਕਤ ਕਰਤਵ ਤੋਂ ਬਖੂਬੀ ਦਰਿੜ੍ਹ ਹੁੰਦੀ ਹੈ ।

ਭੋਲੇ ਭਾਇ ਮਿਲੇ ਰਘੁਰਾਇਆ ॥ (ਅੰਗ ੩੨੪)

ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਧੰਨੇ ਵਡਭਾਗੇ ਦੇ ਰਚੇ ਤਿੰਨ ਸ਼ਬਦ ਰਾਗੁ ਆਸਾ ਤੇ ਧਨਾਸਰੀ ਵਿੱਚ ਮਿਲਦੇ ਹਨ ਜਿਨ੍ਹਾਂ ਵਿੱਚੋਂ ਅੰਗ ੪੮੭ ਤੇ

ਅੰਕਿਤ ਆਪਣੇ ਸ਼ਬਦ :-

'ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨ ਨਹੀਂ ਧੀਰੇ ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥ ਰਹਾਉ ॥
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ
(ਅੰਗ ੪੮੭)

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੬੯੫ 'ਤੇ ਰਾਗ ਧਨਾਸਰੀ ਵਿੱਚ ਇਸ ਆਸ਼ੇ ਦਾ ਸ਼ਬਦ ਇਵੇਂ ਹੈ :

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥ ਰਹਾਉ ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ । ਜਨੁ ਧੰਨਾ ਲੇਵੈ ਮੰਗੀ ॥ (ਅੰਗ ੬੯੫)

ਕਿਸੇ ਵੀ ਭਗਤ ਨੇ ਇਸ ਦਲੇਰੀ ਨਾਲ ਆਪਣੀਆਂ ਦੁਨਿਆਵੀਂ ਲੋੜਾਂ ਦੀ ਪੂਰਤੀ ਲਈ ਪ੍ਰਭੂ ਪਿਤਾ ਤੋਂ ਅਜਿਹੀ ਜ਼ੋਰਦਾਰ ਮੰਗ ਨਹੀਂ ਕੀਤੀ ਹੋਣੀ ਜਿਵੇਂ ਕਿ ਭਗਤ ਧੰਨਾ ਜੀ ਤੇ ਕਬੀਰ ਜੀ ਨੇ ਕੀਤੀ ਹੈ । ਉਹ ਇਹ ਕਹਿਣ ਵਿੱਚ ਬਿਲਕੁਲ ਜਾਇਜ਼ ਹਨ ਕਿ ਭੁਖਿਆਂ ਭਗਤੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਭੁੱਖ ਦੀ ਅੱਗ ਦਾ ਸੇਕ ਮਨ ਤੇ ਆਤਮਾ ਦੋਹਾਂ ਨੂੰ ਲੂਸ ਦੇਂਦਾ ਹੈ । ਜੇ ਭੁੱਖ ਦੀ ਲਾਚਾਰੀ ਇਸ ਹੱਦ ਤੱਕ ਵੱਧ ਜਾਵੇ ਕਿ ਮਿਹਨਤ ਕਰਨ ਤੇ ਵੀ ਦੋਹਾਂ ਵੇਲਿਆਂ ਦੀ ਸਾਧਾਰਨ ਰੋਟੀ ਵੀ ਨਸੀਬ ਨਾ ਹੋਵੇ ਤਾਂ ਇਸ ਹਾਲਤ ਵਿੱਚ ਕਬੀਰ ਜੀ ਭਗਤੀ ਕਰਨ ਵਾਲੀ ਮਾਲਾ ਵੀ ਭਗਵਾਨ ਨੂੰ ਵਾਪਸ ਕਰਨ ਨੂੰ ਤਿਆਰ ਹਨ ।

ਗੁਰੂ ਅਰਜਨ ਦੇਵ ਜੀ ਭਗਤਾਂ ਦੇ ਨਿਰਾਲੇ ਕੌਤਕ ਤੇ ਸਿਦਕ ਦੀ ਬਿਨਾਂ ਤੇ ਹੀ ਸ਼ਾਇਦ ਕਹਿੰਦੇ ਹਨ ਕਿ ਅਜਿਹੇ ਨਿਸ਼ਚੇ ਵਾਲੇ ਭਗਤਾਂ ਨੇ ਅਕਾਲਪੁਰਖ ਨੂੰ ਸਉਤਰਾ ਬਣਾ ਦਿੱਤਾ ਹੈ ਕਿਉਂਕਿ ਇਹ ਉਸ ਦੀ ਲਾਡਲੀ ਔਲਾਦ ਹਨ । ਗੁਰੂ ਅਰਜਨ ਦੇਵ ਜੀ ਦੇ ਉਕਤ ਵਿਚਾਰਾਂ ਵਾਲੇ ਸ਼ਬਦ ਦੀ ਪੰਗਤੀ ਇਵੇਂ ਹੈ :

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥
ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥ (ਅੰਗ ੫੩੨)

ਪਵਿਤਰਤਾ ਦੇ ਪੁਸ਼ਪਾਂ ਨਾਲ ਪ੍ਰੇਮ ਭਿਜੇ ਪਰਵਚਨਾਂ ਨਾਲ, ਸੱਚ ਰੂਪੀ ਸੁਚਮਤਾ ਨਾਲ, ਸਿਦਕ ਵਾਲੇ ਸਿਰੜ ਨਾਲ, ਆਪਣੇ ਅਕਾਲਪੁਰਖ ਦੀ ਤਨੋਂ ਮਨੋਂ ਅਰਾਧਨਾ ਵਿੱਚ ਲੀਨ ਹੋਏ ਭਗਤ ਧੰਨਾ ਜੀ 60 ਸਾਲ ਦੀ ਆਯੂ ਭੋਗ ਕੇ 1475 ਈ: ਨੂੰ ਪਰਲੋਕ ਸਿਧਾਰ ਗਏ ।

ਮਾਨਵਤਾ, ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚਲ ਕੇ ਸਹਿਜੇ ਹੀ ਪ੍ਰਭੂ ਪ੍ਰਾਪਤੀ ਦੇ ਮਹਾਨ ਕਾਰਜ ਨੂੰ ਸਰਲਤਾ ਪੂਰਵਕ ਢੰਗ ਨਾਲ ਪੂਰਨਤਾ ਤੱਕ ਲੈ ਜਾ ਸਕਦੀ ਹੈ । ਧੰਨਾ ਜੀ ਦਾ ਜੀਵਨ ਇਸ ਸਿਲਸਿਲੇ ਦੀ ਪਰਤੱਖ ਮਿਸਾਲ ਹੈ ।

# ਆਦਿ ਗ੍ਰੰਥ (ਜੀ) ਵਿੱਚ ਭਗਤਾਂ ਤੇ ਭੱਟਾਂ ਦੀ ਬਾਣੀ

-ਪ੍ਰੋ: ਹਰੀ ਸਿੰਘ

ਆਪਣੇ ਤੋਂ ਪਹਿਲੇ ਚਾਰ ਗੁਰੂਆਂ ਦੀ ਬਾਣੀ, ਪ੍ਰਾਪਤ ਹੋਈਆਂ ਸੰਚੀਆਂ ਤੋਂ ਉਤਾਰਾ ਕਰਵਾਣ ਤੇ ਬਹੁਤ ਸਾਰੀ ਬਾਣੀ ਖ਼ੁਦ ਆਪ ਉਚਾਰਨ ਤੋਂ ਸਿਵਾਏ, ਆਦਿ ਗ੍ਰੰਥ ਦੇ ਪ੍ਰਣੀਤ ਕਰਤਾ ਗੁਰੂ ਅਰਜਨ ਦੇਵ ਜੀ ਨੇ ਭਾਰਤ ਦੇ ਸਮਕਾਲੀਨ ਤੇ ਆਪਣੀ ਤੋਂ ਪਹਿਲਾ ਹੋ ਬੀਤੇ ਭਗਤਾਂ ਦੀ ਬਾਣੀ ਨੂੰ ਵੀ, ਬੀੜ ਅੰਦਰ ਸ਼ਾਮਿਲ ਕੀਤਾ ਹੈ, ਭਗਤਾਂ ਦੀ ਬਾਣੀ ਇਕੱਠੀ ਕਰਨ ਵਿੱਚ.ਸੰਕਲਨ ਕਰਤਾ ਜੀ ਨੂੰ, ਖਾਸ ਤੌਰ ਤੇ ਬੜੀ ਮਿਹਨਤ ਅਤੇ ਵਿਸ਼ੇਸ਼ ਯਤਨ ਕਰਕੇ, ਕਈ ਅੱਡ-ਅੱਡ ਵਸੀਲਿਆਂ ਤੋਂ ਜੁਟਾਣੀ ਪਈ ਹੋਵੇਗੀ। ਭਗਤ ਕਬੀਰ ਜੀ ਦੀ ਬਾਣੀ, ਕਬੀਰ ਪੰਥੀਆਂ ਦੀਆਂ ਕੁਝ ਲਿਖਤੀ ਪੁਸਤਕਾਂ ਵਿੱਚੋਂ ਲੈ ਕੇ ਤੇ ਕੁੱਝ ਪਰੰਪਰਾ ਤੋਂ ਸੀਨਾ ਬਸੀਨਾ ਤੁਰੀ ਆ ਰਹੀ ਵਿੱਚੋਂ ਯੱਗ ਚੋਣ ਕਰਕੇ ਚੜ੍ਹਾਈ ਗਈ ਹੋਵੇਗੀ। ਇਸੇ ਤਰ੍ਹਾਂ ਭਗਤ ਨਾਮ ਦੇਵ ਜੀ ਦੀ ਰਚਨਾ ਨਾਮਾ ਬੰਸੀਆਂ ਪਾਸੋਂ ਇਕੱਤ੍ਰ ਕੀਤੀ ਗਈ ਹੋਵੇਗੀ। ਇਨ੍ਹਾਂ ਦੋਹਾਂ ਭਗਤਾਂ ਤੋਂ ਇਲਾਵਾ ਜਿਨ੍ਹਾਂ ਹੋਰ ਭਗਤ ਕਵੀਆਂ ਦੀ ਰਚਨਾ ਪ੍ਰਣੀਤ ਕੀਤੀ ਗਈ ਹ, ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ : ਰਵਿਦਾਸ, ਤ੍ਰਿਲੋਚਨ, ਬੇਣੀ, ਧੰਨਾ, ਸ਼ੇਖ ਫਰੀਦ, ਜੈ ਦੇਵ, ਭੀਖਨ, ਸੈਣਾ, ਪੀਪਾ, ਸਧਨਾ, ਰਾਇ ਬਲਵੰਡ ਤੇ ਸੱਤਾ ਰਾਮਾਨੰਦ, ਸੂਰਦਾਸ ਤੇ ਪਰਮਾਨੰਦ। ਉਸ ਵੇਲੇ ਛਾਪੇਖਾਨੇ ਦਾ ਸਮਾਂ ਨਹੀਂ ਸੀ। ਪੁਸਤਕਾਂ ਕੇਵਲ ਹੱਥਾਂ ਨਾਲ ਹੀ ਲਿਖੀਆਂ ਜਾਣ ਕਰਕੇ ਬੜੀਆਂ ਦੁਰਲਭ ਹੁੰਦੀਆਂ ਸਨ। ਐਸੀ ਹਾਲਤ ਵਿੱਚ ਇਨ੍ਹਾਂ ਸਾਰੇ ਭਗਤਾਂ ਦੀ ਬਾਣੀ ਥਾਂ-ਥਾਂ ਤੋਂ ਜੁਟਾਣ ਵਿੱਚ, ਕਿਤਨਾ ਭਾਰਾ ਯਤਨ ਤੇ ਤਰੱਦਦ, ਕਰਨਾ ਪਿਆ ਹੋਵੇਗਾ, ਉਸ ਦਾ ਅਨੁਮਾਨ ਕੀਤਾ ਜਾ ਸਕਦਾ ਹੈ। ਪ੍ਰਣੀਤ ਕਾਰ ਗੁਰੂ ਅਰਜਨ ਜੀ ਦੀ ਇਸ ਮਹਾਨ ਆਤਮਿਕ ਸਾਹਿਤ ਸਮਗਰੀ ਦੇ ਇਕੱਠਾ ਕਰਨ ਦੀ ਮਿਹਨਤ ਤੇ ਮਹਮਾ ਅਕਥਨੀਅ ਹੈ।

ਉਪ੍ਰੋਕਤ ਲਿਖੇ ਭਗਤਾਂ ਤੋਂ ਸਿਵਾਏ ਆਦਿ ਗ੍ਰੰਥ ਜੀ ਦੇ ਅੰਤ ਵਿੱਚ ਕੁਝ ਭੱਟ ਕਵੀਆਂ ਦੀ ਬਾਣੀ ਵੀ ਸੰਮਿਲਤ ਕੀਤੀ ਗਈ ਹੈ। ਇਹ ਸਾਰੇ ਭੱਟ ਸੰਕਲਨ ਕਰਤਾ ਜੀ ਦੇ ਸਮਕਾਲੀਨ ਸਨ। ਇਨ੍ਹਾਂ ਵਿੱਚੋਂ ਕੁੱਝ ਇੱਕ ਦੇ ਵਿਸ਼ੇਸ਼ ਨਾਮ ਇਸ ਤਰ੍ਹਾਂ ਲਏ ਜਾ ਸਕਦੇ ਹਨ : ਕਲ, ਕੀਰਤ, ਕਲ ਸਹਾਰ, ਜਾਲਪ, ਭਿੱਖਾ, ਸਲ, ਕਲ ਚਕਰ, ਨਲਿ, ਗਯੰਦ, ਮਥਰਾ, ਹਰਬੰਸ। ਇਹ ਸਾਰੇ ਭੱਟ ਇਕ ਖਾਸ ਰਵਾਇਤ ਅਨੁਸਾਰ, ਆਪਣੀ ਭਗਤੀ ਭਾਵਨਾਂ ਤੋਂ ਇਲਾਵਾ, ਸੰਸਕ੍ਰਿਤ ਵਿੱਦਿਆ ਦੀ ਵਿਦ੍ਵਤਾ ਲਈ ਖਾਸ ਤੌਰ ਤੇ ਪ੍ਰਸਿੱਧ ਸਨ। ਅਲੰਕਾਰਕ ਰੂਪ ਵਿੱਚ ਏਥੋਂ ਤੱਕ ਕਿਹਾ ਗਿਆ ਹੈ, ਕਿ ਇਹ ਇੱਕ ਤਰ੍ਹਾਂ ਜਿਵੇਂ ਕਿ ਵੇਦਾਂ ਦਾ ਹੀ ਅਵਤਾਰ ਸਨ। ਜਿਸ ਦਾ ਮਤਲਬ ਇਹ ਲਾਇਆ ਜਾਂਦਾ ਹੈ ਕਿ ਸ੍ਰੂਰਤੀ, ਸਿਮ੍ਰਤੀ, ਤੇ ਸ਼ਾਸਤ੍ਰ ਤੇ ਪੁਰਾਣ ਗ੍ਰੰਥਾਂ ਦੇ ਬੜੇ ਭਾਰੇ ਪੰਡਤ ਤੇ ਗਿਆਤਾ ਸਨ। ਜੋ ਸ਼ਾਂਤੀ ਤੇ ਅਧਿਆਤਮਕ ਲਾਭ ਇਨ੍ਹਾਂ ਨੂੰ ਗੁਰੂ ਵਿਅਕਤੀਆਂ ਦੀ ਸੰਗਤ ਤੋਂ ਪ੍ਰਾਪਤ ਹੋਇਆ, ਉਸ ਦਾ ਵਰਨਣ, ਇਨ੍ਹਾਂ ਆਪਣੀਆਂ ਰਚਨਾਵਾਂ ਅੰਦਰ ਕੀਤਾ ਹੈ।

## ਆਦੁੱਤੀ ਸੁਲਹ ਕੁਲ ਭਾਵਦੀ ਮਿਸਾਲ

ਜਿਸ ਅਦੁੱਤੀ ਸੁਲਹ ਕੁਲ ਭਾਵ ਨਾਲ, ਹਿੰਦੂ ਤੇ ਮੁਸਲਮਾਨ, ਭਗਤਾਂ ਤੇ ਫ਼ਕੀਰਾਂ ਦੀ ਬਾਣੀ ਨੂੰ, ਆਦਿ ਗ੍ਰੰਥ ਜੀ ਅੰਦਰ ਪ੍ਰਣੀਤ ਕੀਤਾ ਤੇ ਗੁਰੂਆਂ ਦੀ ਆਪਣੀ ਬਾਣੀ ਨਾਲ, ਸਮਾਨ ਦਰਜਾ ਦਿੱਤਾ ਗਿਆ ਹੈ ਇਹ ਚੀਜ਼ ਮਜ਼੍ਹਬੀ ਦੁਨੀਆਂ ਦੇ ਇਤਿਹਾਸ, ਅੰਦਰ ਇੱਕ ਬੇਮਿਸਾਲ ਕੀਮਤੀ ਖਿਆਲ ਦੀ ਪ੍ਰਤੀਨਿਧਤਾ ਕਰਦੀ ਹੈ । ਪੁਰਾਣੀ ਤੇ ਅਜੋਕੇ ਸਮੇਂ ਦੀ ਵੀ ਬਹੁਤੀ ਮਜ਼ਬੀ ਦੁਨੀਆਂ ਵਿੱਚ, ਅਜਿਹਾ ਵਿਸ਼ਾਲ ਤੇ ਬ੍ਰਹਿਮੰਡੀ, ਸੁਲਹ ਕੁਲ ਭਾਵ ਮਿਲਣਾ, ਕਠਿਨ ਹੈ । ਆਮ ਤੋਰ ਤੇ ਬਹੁਤ ਸਾਰੇ ਪ੍ਰਚੱਲਿਤ, ਮਜ਼੍ਹਬ ਆਪਣੇ ਮੁਤੱਸਬ ਤੇ ਤੰਗ ਖਿਆਲ ਅਕੀਦਿਆਂ ਦੇ ਸਬੱਬ, ਅੱਜ ਦੇ ਰੋਸ਼ਨੀ ਤੇ ਵਿਗਿਆਨ ਦੇ ਯੁੱਗ ਵਿੱਚ, ਆਏ ਦਿਨ ਬਦਨਾਮ ਹੁੰਦੇ ਜਾ ਰਹੇ ਹਨ । ਈਸ਼੍ਵਰੀ ਗਿਆਨ, ਤੇ ਇਸ ਦੇ ਇਲਹਾਮ ਜਾਂ ਆਕਾਸ਼ ਬਾਣੀ ਬਾਰੇ ਪੁਰਾਣੇ ਕਿਸਮ ਦੇ ਖਿਆਲ ਪ੍ਰਚਲਿੱਤ ਰਹੇ ਹਨ ਤੇ ਹੁਣ ਤੱਕ ਵੀ ਉਸੇ ਤਰ੍ਹਾਂ ਕੰਮ ਕਰਦੇ ਦਿਖਾਈ ਦੇਂਦੇ ਹਨ । ਸਮੁੱਚੇ ਤੌਰ ਤੇ ਇਹ ਖਿਆਲ ਤੇ ਵਿਸ਼ਵਾਸ਼ ਇਸ ਭਾਵ ਦਾ ਹੈ, ਕਿ ਸੰਸਾਰ ਇਤਿਹਾਸ ਦੇ ਕਿਸੇ ਖਾਸ ਵਿਸ਼ੇਸ਼ ਸਮੇਂ ਕਿਸੇ ਇੱਕ ਜਾਂ ਕੁੱਝ ਵਿਸ਼ੇਸ਼ ਵਿਅਕਤੀਆਂ ਨੂੰ ਰੱਬੀ ਗਿਆਨ ਪੂਰਨ ਰੂਪ ਵਿੱਚ ਇੱਕੋ ਸਮੇਂ ਦੇ ਦਿੱਤਾ ਗਿਆ ਸੀ, ਜੋ ਉਸ ਨੇ ਜੋ ਉਨ੍ਹਾਂ ਨੇ ਆਪਣੀ ਕਿਸੇ ਇੱਕ ਖਾਸ ਧਰਮ ਪੁਸਤਕ ਜਾਂ ਪੁਸਤਕਾਂ ਅੰਦਰ ਕਲਮ ਬੰਦ ਕਰ ਦਿੱਤਾ ਹੋਇਆ ਹੈ, ਤੇ ਇਸ ਲਈ, ਕੇਵਲ ਉਸ ਵਿਸ਼ੇਸ਼ ਧਰਮ ਪੁਸਤਕ ਜਾਂ ਪੁਸਤਕਾਂ ਨੂੰ ਹੀ ਈਸ਼੍ਵਰੀ ਕ੍ਰਿਤ ਸਮਝ ਕੇ ਉਨ੍ਹਾਂ ਵਿੱਚ ਵਿਸ਼ਵਾਸ ਲਿਆਉਣ ਹਰੇਕ ਆਦਮੀ ਦੀ ਮੁਕਤੀ ਜਾਂ ਨਿਜਾਤ ਲਈ ਜ਼ਰੂਰੀ ਹੈ ।

ਕਿਸੇ ਵੀ ਮਜ਼੍ਹਬ ਦਾ ਇਸ ਕਿਸਮ ਦਾ ਵਿਸ਼ਵਾਸ ਕਿ ਉਸ ਈਸ਼੍ਵਰੀ-ਸ਼ਕਤੀ ਵੱਲੋਂ ਕਿਸੇ ਇੱਕ ਜਾਂ ਦੂਸਰੇ ਵਿਅਕਤੀ ਨੂੰ ਸਾਰੇ ਦਾ ਸਾਰਾ ਮੁਕੰਮਲ ਗਿਆਨ, ਇੱਕੋ ਵਾਰੀ ਦਿੱਤਾ ਜਾ ਕੇ, ਉਸ ਦੇ ਬਾਅਦ ਰੱਬੀ ਗਿਆਨ ਦੇ ਦਰਵਾਜ਼ੇ, ਸਭ ਮਨੁੱਖਾਂ ਲਈ, ਹਮੇਸ਼ਾਂ ਵਾਸਤੇ ਬੰਦ ਕਰ ਦਿੱਤੇ ਗਏ ਹਨ , ਇੱਕ ਅਜਿਹਾ ਵਿਸ਼ਵਾਸ ਹੈ, ਜਿਸ ਦਾ ਅੱਜ ਦੇ ਬੌਧਿਕ ਯੁੱਗ ਵਿੱਚ ਬਹੁਤ ਦੇਰ ਤੱਕ ਪ੍ਰਚਲਤ ਰਹਿਣਾ ਤੇ ਪ੍ਰਚਾਰਿਆ ਜਾ ਸਕਣਾ ਲੱਗ ਭੱਗ ਅਸੰਭਵ ਹੁੰਦਾ ਜਾ ਰਿਹਾ ਹੈ । ਇਹ ਇੱਕ ਗਲਤ ਸਿਕਾ ਹੈ, ਜਿਸ ਦਾ ਚਲਨ ਆਉਣ ਵਾਲੀ ਦੁਨੀਆਂ ਵਿੱਚ ਛੇਤੀ ਬੰਦ ਹੋ ਜਾਣ ਵਾਲਾ ਹੈ । ਈਸ਼੍ਵਰੀ ਗਿਆਨ ਤੇ ਇਸ ਦੇ ਪ੍ਰਕਾਸ਼ ਹੋਣ ਬਾਰੇ ਖਿਆਲ ਅੰਦਰ ਬੜਾ ਭਾਰਾ ਪਰਿਵਰਤਨ ਹੋ ਚੁੱਕਾ ਤੇ ਹੁੰਦਾ ਜਾ ਰਿਹਾ ਹੈ । ਇਸ ਸਬੰਧੀ ਅੱਜ ਦੇ ਵਿਚਾਰਵਾਨਾਂ ਦਾ ਵਿਚਾਰ ਤੇ ਵਿਸਵਾਸ, ਇਸ ਭਾਵ ਦਾ ਹੈ, ਕਿ ਜਿਸ ਤਰ੍ਹਾਂ ਕੁਦਰਤ ਦੀਆਂ ਹੋਰ ਬਰਕਤਾਂ, ਪੌਣ, ਪਾਣੀ ਤੇ ਪ੍ਰਕਾਸ਼ ਆਦਿਕ ਸਭ ਮਨੁੱਖ ਜਾਤੀ ਲਈ ਸਾਂਝੀਆਂ ਹਨ, ਕਿਸੇ ਇੱਕ ਕੌਮ, ਦੇਸ਼ ਜਾਂ ਵਿਅਕਤੀ ਦੀ ਅੱਡਰੀ ਮਲਕੀਅਤ ਨਹੀਂ, ਇਸ ਤਰ੍ਹਾਂ ਰੱਬੀ ਗਿਆਨ ਤੇ ਇਸ ਦਾ ਪ੍ਰਕਾਸ਼ ਵੀ ਸਾਰੀ ਮਨੁੱਖ ਜਾਤੀ ਦੀ ਸਾਂਝੀ ਵਿਰਾਸਤ ਹੈ । ਇਸ ਦੀ ਬਖਸ਼ਿਸ਼ ਕਰਨ ਵਿੱਚ ਈਸ਼੍ਵਰ ਸ਼ਕਤੀ ਵੱਲੋਂ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ । ਇਸੇ ਖਿਆਲ ਦਾ ਨਤੀਜਾ ਹੈ, ਕਿ ਇਸਾਈ ਧਰਮ ਅੰਦਰ ਉਨ੍ਹੀਵੀਂ ਸਦੀ, ਦੇ ਸਮੇਂ ਤੋਂ ਇੱਕ ਯੂਨੇਟੇਰੀਅਨ,

ਨਾਮ ਦਾ ਇੱਕ ਅਜਿਹਾ ਫਿਰਕਾ ਕਾਇਮ ਹੋ ਗਿਆ ਹੋਇਆ ਹੈ । ਜੋ ਇਲਹਾਮ ਬਾਰੇ ਪੁਰਾਣੇ ਖਿਆਲ ਵਿੱਚ ਵਿਸ਼ਵਾਸ਼ ਨਹੀਂ ਰੱਖਦਾ । ਉਹ ਆਪਣੀ ਧਰਮ ਪੁਸਤਕ ਬਾਈਬਲ ਦਾ ਬੜਾ ਅਦਬ ਸਤਿਕਾਰ ਕਰਦੇ ਹਨ, ਪਰ ਕੇਵਲ ਇਸੇ ਹੀ ਇੱਕੋ ਪੁਸਤਕ ਨੂੰ ਈਸ਼ੂਰੀ ਕ੍ਰਿਤ ਮੰਨਣ ਤੋਂ ਇਨਕਾਰ ਕਰਦੇ ਹਨ, ਉਹ ਖਿਆਲ ਕਰਦੇ ਹਨ, ਕਿ ਬਾਕੀ ਧਰਮਾਂ ਦੀਆਂ ਧਰਮ ਪੁਸਤਕਾਂ ਅੰਦਰ ਵੀ ਬਾਈਬਲ ਵਰਗਾ ਹੀ ਅਧਿਆਤਮ ਗਿਆਨ ਮੌਜੂਦ ਹੈ ਤੇ ਉਨ੍ਹਾਂ ਦਾ ਸਤਿਕਾਰ ਕਰਨਾ ਤੇ ਉਨ੍ਹਾਂ ਤੋਂ ਲਾਭ ਉਠਾਣਾ, ਈਸਾਈ ਧਰਮ ਅਵਲੰਭੀਆਂ ਦਾ ਕਰਤੱਵ ਹੋਣਾ ਚਾਹੀਦਾ ਹੈ । ਸਾਡੇ ਆਪਣੇ ਦੇਸ਼ ਵਿੱਚ ਇਸੇ ਖਿਆਲ ਦਾ ਪ੍ਰਚਾਰ, ਬੰਗਾਲ, ਦੇ ਉਨੀਵੀਂ ਸਦੀ ਦੇ ਇੱਕ ਪ੍ਰਸਿੱਧ ਧਾਰਮਿਕ ਨੇਤਾ, ਰਾਜਾ ਰਾਮ ਮੋਹਨ ਰਾਇ ਜੀ ਨੇ ਕੀਤਾ ਸੀ, ਇਸ ਵਿਸ਼ਵਾਸ ਦੇ ਅਧਾਰ ਉਤੇ, ਬ੍ਰਹਮੂ ਸਮਾਜ ਨਾਮ ਦੀ ਇੱਕ ਸੰਪ੍ਰਦਾਇ ਸਥਾਪਤ ਹੋ ਗਈ ਹੋਈ ਹੈ । ਇਸ ਦੇ ਮੈਂਬਰ ਸਾਰੇ ਦੇ ਸਾਰੇ ਹਿੰਦੂ ਸਮਾਜ ਦੇ ਹੁੰਦੇ ਹੋਏ, ਆਪਣੇ ਧਰਮ ਗ੍ਰੰਥਾਂ ਵਿੱਚੋਂ ਵੱਧ ਤੋਂ ਵੱਧ ਰੋਸ਼ਨੀ ਤੇ ਪ੍ਰੇਰਨਾ ਲੈਂਦੇ ਹੋਏ, ਨਾਲ ਦੇ ਨਾਲ, ਬਾਕੀ ਧਰਮਾਂ ਦੀਆਂ ਧਰਮ-ਪੁਸਤਕਾਂ ਤੇ ਮਹਾਨ ਪੁਰਖਾਂ ਦਾ ਸਤਿਕਾਰ ਕਰਨਾ, ਤੇ ਉਨ੍ਹਾਂ ਦੀ ਸਿੱਖਿਆ ਤੋਂ ਵਰੋਸਾਏ ਜਾਣ ਨੂੰ ਵੀ ਆਪਣਾ ਫਰਜ਼ ਸਮਝਦੇ ਹਨ । ਪ੍ਰਲੋਕ ਵਾਸੀ, ਕਵੀ ਰਾਬਿੰਦਰਾ ਨਾਥ ਟੈਗੋਰ ਵੀ ਇਸੇ ਵਿਸ਼ਵਾਸ ਦੇ ਵਿਸ਼ਵਾਸੀ ਸਨ । ਉਨ੍ਹਾਂ ਦੀ ਇੱਕ ਖਾਸ ਪੁਸਤਕ **The Religion of Man** ਵਿੱਚੋਂ ਮਾਨਵਤਾ ਦੇ ਸਰਬ ਸਾਂਝੇ ਧਰਮ ਦਾ ਉਲੇਖ ਤੇ ਇਸ ਦੀ ਵਿਆਖਿਆ ਕੀਤੀ ਗਈ ਹੈ, ਜੋ ਪੜ੍ਹੇ ਤੇ ਮਾਣੇ ਜਾਣ ਨਾਲ ਸਬੰਧ ਰੱਖਦੀ ਹੈ । ਈਸਾਈਆਂ ਦੇ ਉਪ੍ਰੋਕਤ ਕਥਨ, ਯੂਨੀਟੇਰੀਅਨ, ਤੇ ਹਿੰਦੂ ਸਮਾਜ ਅੰਦਰ ਪੈਦਾ ਹੋਏ ਬ੍ਰਹਮੂ ਸਮਾਜ ਦੇ ਇਸ ਵਿਸ਼ਾਲ ਸੁਲਹ ਕੁਲ ਭਾਵ ਨੇ ਉਨ੍ਹੀਵੀਂ ਤੇ ਵੀਹਵੀਂ ਸਦੀ ਦੇ ਰੌਸ਼ਨ ਤੇ ਵਿਗਿਆਨਕ ਯੁੱਗ ਅੰਦਰ ਜਨਮ ਲਿਆ ਤੇ ਵਿਕਾਸ ਕੀਤਾ ਹੈ । ਸਹੀ-ਧਰਮ ਭਾਵਨਾ ਵਾਲੀ ਦੁਨੀਆਂ ਅੰਦਰ, ਪੈਦਾ ਹੋ ਚੁੱਕਾ ਤੇ ਉੱਨਤੀ ਕਰ ਰਿਹਾ, ਇਹ ਸੁਲਹ ਕੁਲ ਭਾਵ ਇੱਕ ਬੜਾ ਮੁਬਾਰਿਕ ਤੇ ਕੀਮਤੀ ਖਿਆਲ ਹੈ । ਆਉਣ ਵਾਲੇ ਸਮੇਂ ਵਿੱਚ ਇਸ ਵਿਸ਼ਾਲ ਤੇ ਵਿਆਪਕ ਭਾਵ ਦੀ ਇਸ ਕਸਵੱਟੀ ਉਤੇ ਹੀ ਸਾਰੇ ਧਰਮ ਤੇ ਇਨ੍ਹਾਂ ਦੇ ਵਿਸ਼ਵਾਸ ਪਰਖੇ ਜਾਇਆ ਕਰਨਗੇ । ਆਦਿ ਸ੍ਰੀ ਗੁਰੂ ਗ੍ਰੰਥ ਜੀ ਅੰਦਰ ਜਿਸ ਤਰ੍ਹਾਂ ਕਿਤਨੇ ਸਾਰੇ ਹਿੰਦੂ ਤੇ ਮੁਸਲਮਾਨ ਭਗਤਾਂ ਤੇ ਫਕੀਰਾਂ ਦੀਆਂ ਰਚਨਾਵਾਂ ਨੂੰ ਇੱਕ ਥਾਂ ਉਤੇ ਇਕੱਤ੍ਰ ਕੀਤਾ ਤੇ ਜਿਸ ਤਰ੍ਹਾਂ ਇਹ ਸਾਰੀ ਬਾਣੀ, ਗੁਰੂਆਂ ਦੀ ਬਾਣੀ ਸਮਾਨ ਹੀ ਅਦਬ ਸਤਿਕਾਰ ਨਾਲ ਜਗਿਆਸੂਆਂ ਦੁਆਰਾ ਪੜ੍ਹੀ ਤੇ ਗਾਇਨ ਕੀਤੀ ਜਾਂਦੀ ਹੈ, ਸਭ ਤੋਂ ਪਹਿਲੀ ਅਦੁੱਤੀ ਮਿਸਾਲ ਹੈ । ਉਪ੍ਰੋਕਤ ਵਿਸ਼ਾਲ ਤੇ ਬ੍ਰਹਿਮੰਡੀ ਸੁਲਹ ਕੁਲ ਭਾਵ ਦੀ ਜੋ ਅੱਜ ਤੋਂ ਲੱਗ ਭੱਗ ਚਾਰ ਸੌ ਸਾਲ ਪਹਿਲਾਂ ਸਥਾਪਤ ਕਰ ਦਿੱਤੀ ਗਈ ਸੀ ।

ਗੁਰੂ ਅਰਜਨ ਦੇਵ ਜੀ ਦੇ ਸਮਕਾਲੀਨ, ਤੇ ਆਦਿ ਗ੍ਰੰਥ ਦੇ ਲਿਖਾਰੀ ਕਵੀ ਭਾਈ ਗੁਰਦਾਸ ਨੇ, ਆਪਣੇ ਇਸਟ ਗ੍ਰੰਥ ਜੀ, ਅੰਦਰ ਕਾਇਮ ਤੇ ਦ੍ਰਿੜ ਕਰਾਈ ਗਈ ਇਸ ਵਿਆਪਕ ਗੁਣ ਗ੍ਰਾਹੀ ਨਿਰਪੱਖ ਤੇ ਸਰਬ ਸਾਂਝੀ ਮਾਨਵ ਧਰਮ ਦੀ ਭਾਵਨਾ ਨੂੰ ਇਨ੍ਹਾਂ ਸੁੰਦਰ ਸ਼ਬਦਾਂ ਵਿੱਚ

ਪ੍ਰਗਟਾਇਆ :-

ਜੈਸੇ ਨੈਨ ਬੈਨ, ਪੰਖ ਸੁੰਦਰ ਸਰਬੰਗ ਮੋਰ,
ਤਾਂ ਕੇ ਪਗ ਓਰ ਦੇਖ ਦੋਖ ਨ ਬਿਚਾਰੀਏ
ਸੁੰਦਰ ਸੁਗੰਧ, ਅਤਿ ਕੋਮਲ ਕਮਲ ਜੈਸੇ,
ਕੰਟਕ ਬਿਲੋਕ ਨ ਔਗੁਣ ਉਹ ਧਾਰੀਏ ।
ਜੈਸੇ ਅੰਮ੍ਰਿਤ ਫਲ ਮਿਸ਼ਟ ਗੁਨਾਦ ਸੁਆਦ,
ਬੀਜ ਕਰਵਾਈ ਕੈ ਬੁਰਾਈ ਨ ਸਮਾਰੀਏ ।
ਤੈਸੇ ਗੁਰੂ ਗਿਆਨ ਦਾਨ, ਸਭ ਹੂੰ ਸੇ ਮਾਂਗ ਲੀਜੇ,
ਬੰਦਨਾ ਸਕਲ ਭੂਤ ਨਿੰਦਾ ਨਾ ਤਕਾਰੀਏ ।

ਇਸ ਖਿਆਲ ਨੂੰ ਸ਼੍ਰੋਮਣੀ ਭਗਤ, ਤੇ ਅਧਿਆਤਮਕ ਕਵੀ 'ਸ੍ਰੀ ਕਬੀਰ' ਜੀ ਨੇ ਜਿਨ੍ਹਾਂ ਦੀ ਬਾਣੀ, ਬਾਕੀ ਸਾਰੇ ਭਗਤਾਂ ਨਾਲੋਂ, ਆਦਿ ਗ੍ਰੰਥ ਜੀ ਅੰਦਰ ਵਧੀਕ ਪ੍ਰਣੀਤ ਹੈ) ਇਨ੍ਹਾਂ ਦੋ ਸਤਰਾਂ ਵਿੱਚ ਇਸ ਤਰ੍ਹਾਂ ਪ੍ਰਗਟ ਕੀਤਾ ਹੈ :-

ਏਤੇ ਔਰਤ ਮਰਦਾਂ ਸਾਜੇ ਏ ਸਭ ਰੂਪ ਤੁਮਾਰੇ ।
ਕਬੀਰ ਪੂੰਗਰਾ ਰਾਮ ਅੱਲਾ ਕਾ ਸਭ ਗੁਰ ਪੀਰ ਹਮਾਰੇ ।

ਫਰਾਂਸ ਦੇ ਪ੍ਰਲੋਕ ਵਾਸੀ ਜਗਤ ਵਿਖਿਆਤ ਆਦਰਸ਼ਵਾਦੀ ਲਿਖਾਰੀ ਤੇ ਨੋਬਲ ਇਨਾਮ ਵਿਜੇਤਾ ਰੋਮਨ ਰੋਲੈਂਡ, ਆਪਣੀ ਕਿਸੇ ਇੱਕ ਪੁਸਤਕ ਵਿੱਚ **The Universal Science Religion** (ਵਿਸ਼੍ਵ-ਵਿਆਪਕ ਵਿਗਿਆਨ-ਧਰਮ) ਦੇ ਸਿਰਲੇਖ ਹੇਠ ਇਸ ਖਿਆਲ ਦੇ ਸਿਰਲੇਖ ਹੇਠ ਇਸ ਨੂੰ ਆਪਣੇ ਇੱਕ ਨਾਇਕ ਦੇ ਸ਼ਬਦਾਂ ਰਾਹੀਂ ਇਸ ਤਰ੍ਹਾਂ ਪ੍ਰਗਟ ਕਰਦੇ ਹਨ ।

'ਧਰਮ ਦੇ ਸਾਰੇ ਤੰਗ, ਸੀਮਿਤ ਤੇ ਲੜਾਈ ਝਗੜਾ ਕਰਨ ਵਾਲੇ, ਖਿਆਲ ਛੱਡ ਦੇਣੇ ਚਾਹੀਦੇ ਹਨ । ਆਵਣ ਵਾਲੇ ਸਮੇਂ ਦੇ ਧਾਰਮਿਕ ਆਦਰਸ਼ਾਂ ਨੂੰ, ਸੰਸਾਰ ਭਰ ਅੰਦਰ ਜੋ ਵੀ ਕੋਈ ਚੰਗੀ ਤੇ ਮਹਾਨ ਵਸਤੂ ਵਿਦਮਾਨ ਹੈ, ਉਸ ਨੂੰ ਆਪਣੀ ਗਲਵਕੜੀ ਅੰਦਰ ਲੈ ਲੈਣਾ, ਤੇ ਨਾਲ ਲੱਗਦੇ ਭਵਿੱਖ ਦੇ ਵਿਕਾਸ ਲਈ ਵੀ, ਅਸੀਮਤ, ਗੁੰਜਾਇਸ਼ ਰੱਖ ਲੈਣੀ ਚਾਹੀਦੀ ਹੈ ; ਬੀਤ ਚੁੱਕੇ ਸਮੇਂ ਅੰਦਰ ਜੋ ਕੁੱਝ ਵੀ ਚੰਗਾ ਸੀ ਉਸ ਨੂੰ ਸੰਭਾਲ ਲੈਣ ਤੇ ਪਹਿਲਾਂ ਤੋਂ ਮੌਜੂਦ ਇਸ ਭੰਡਾਰ ਅੰਦਰ, ਭਵਿੱਖ ਸਮੇਂ ਅੰਦਰ ਹੋਰ ਵਾਧਾ ਕਰਨ ਲਈ ਦਰਵਾਜ਼ੇ ਖੁੱਲ੍ਹੇ ਰੱਖਣੇ ਚਾਹੀਦੇ ਹਨ । ਇਸ ਤੋਂ ਇਲਾਵਾ ਧਰਮਾਂ ਨੂੰ (ਅਤੇ ਇਸ ਨਾਮ ਹੇਠ ਵਿਗਿਆਨਾਂ ਨੂੰ ਵੀ ਸ਼ਾਮਿਲ ਸਮਝਣਾ ਚਾਹੀਦਾ ਹੈ) ਸਰਬ ਧਰਮ ਭਾਵ ਗ੍ਰਾਹੀ ਹੋਣਾ ਲੋੜੀਂਦਾ ਹੈ ਅਤੇ ਇੱਕ ਦੂਜੇ ਨੂੰ ਇਸ ਖਿਆਲ ਨਾਲ ਘ੍ਰਿਣਾ ਦੀ ਨਜ਼ਰ ਨਾਲ ਨਹੀਂ ਦੇਖਣਾ ਚਾਹੀਦਾ, ਕਿ ਪ੍ਰਮਾਤਮਾ ਦੀ ਹੋਂਦ ਬਾਰੇ ਉਨ੍ਹਾਂ ਦੇ ਵਿਚਾਰ ਤੇ ਆਦਰਸ਼ ਵਿਭਿੰਨ ਪ੍ਰਕਾਰ ਦੇ ਹਨ । ਆਪਣੇ ਜੀਵਨ ਕਾਲ ਅੰਦਰ, ਮੈਂ ਕਾਫ਼ੀ ਗਿਣਤੀ ਅਜਿਹੇ ਅਧਿਆਤਮਕ ਮਨੁੱਖਾਂ ਤੇ ਸਮਝਦਾਰ ਵਿਆਕਤੀਆਂ ਦੀ ਦੇਖੀ ਹੈ, ਜੋ ਪ੍ਰਮਾਤਮਾ ਦੀ ਹੋਂਦ ਅੰਦਰ ਉਸ ਤਰ੍ਹਾਂ ਵਿਸ਼ਵਾਸ਼ ਨਹੀਂ ਵੀ ਸਨ ਕਰਦੇ, ਜਿਸ ਅਨੁਸਾਰ ਅਸੀਂ ਇਸ ਸ਼ਬਦ ਨੂੰ ਵਰਤਦੇ ਹਾਂ । ਜਿਤਨਾ ਕੁਝ ਪ੍ਰਮਾਤਮਾ ਜੋਤ ਬਾਰੇ ਉਹ ਸਮਝਦੇ ਸਨ-ਉਤਨਾ ਅਸੀਂ ਸ਼ਾਇਦ ਕਦੀ, ਸਮਝ ਹੀ ਨਾ ਸਕੀਏ । ਪਰਮਾਤਮਾ

ਸਬੰਧੀ ਸ਼ਖਸੀ ਜਾਂ ਗੈਰ ਸ਼ਖਸੀ ਤਸੱਵਰ ਅਨੰਤ ਸਦਾਚਾਰਕ ਕਾਨੂੰਨ ਦੇ ਰੂਪ ਵਿੱਚ ਜਾਂ ਆਦਰਸ਼ ਮਨੁੱਖ ਦੇ ਤੌਰ ਤੇ-ਇਹ ਸਾਰੇ ਦੇ ਸਾਰੇ ਵਿਸ਼ਵਾਸ ਧਰਮ ਦੀ ਪਰਿਭਾਸ਼ਾ ਹੇਠ ਆ ਜਾਂਦੇ ਹਨ ।

'ਸਾਡੇ ਕਰਨ ਗੋਚਰਾ ਅੱਜ ਇੱਕ ਕੰਮ ਇਹ ਵੀ ਹੈ ਕਿ ਧਰਮ ਤੇ ਵਿਗਿਆਨ ਦੋ ਭਰਾ ਜਿਨ੍ਹਾਂ ਦੀ ਸਚਾਈ ਦੀ ਖੋਜ ਨਾਮ ਦੇ ਇੱਕ ਖੇਤ ਨੂੰ ਜੋਤਣ ਤੇ ਇਸ ਤੋਂ ਲਾਭ ਉਠਾਣ ਲਈ, ਸਾਂਝੀ ਮੁਸ਼ੱਕਤ ਦੀ ਲੋੜ ਹੈ, ਪਰ ਜੋ ਇਸ ਦੀ ਮਲਕੀਅਤ ਲਈ, ਨਿਰੋਲ ਆਪੋ ਆਪਣਾ ਹਕ ਜਮਾਣ ਲਈ ਝਗੜੇ ਵਿੱਚ ਰੁਝੇ ਹੋਏ ਹਨ, ਉਨ੍ਹਾਂ ਵਿਚਕਾਰ ਸੁਲਹ ਸਫਾਈ ਕਰਾ ਦਿੱਤੀ ਜਾਏ । ਫਿਰ ਇੱਕ ਅਤਿ ਜਰੂਰੀ ਲੋੜ ਇਸ ਗੱਲ ਦੀ ਵੀ ਹੈ, ਕਿ ਭਿੰਨ ਭਿੰਨ ਧਰਮਾਂ ਦੇ ਵਿਚਕਾਰ ਪਰਸਪਰ ਸਾਥੀ ਹੋਣ ਦੀ ਭਾਵਨਾ ਸਥਾਪਤ ਕਰਾਈ ਜਾਏ । ਜਿੱਥੋਂ ਤੱਕ ਵਿਗਿਆਨ ਤੇ ਧਰਮ ਦੋ ਭਰਾਵਾਂ ਦਾ ਵਾਸਤਾ ਹੈ, ਇਨ੍ਹਾਂ ਵਿੱਚੋਂ ਕਿਸੇ ਇੱਕ ਦੇ ਲਾਭ ਲਈ ਦੂਜੇ ਨੂੰ ਬੇਦਖਲ ਕਰਨ ਦਾ ਯਤਨ ਇੱਕ ਬੇ-ਅਰਥ ਯਤਨ ਹੈ। ਦੋਹਾਂ ਵਿੱਚੋਂ ਕਿਸੇ ਵੀ ਇੱਕ ਤੋਂ ਬਿਨਾਂ ਨਿਰਬਾਹ ਹੋ ਨਹੀਂ ਸਕਦਾ । ਇਨ੍ਹਾਂ ਦੋਹਾਂ ਦੇ ਪਰਸਪਰ ਮੇਲ ਤੇ ਏਕਤਾ ਤੋਂ ਸਾਨੂੰ ਉੱਚੀ ਤੋਂ ਉੱਚੀ ਫਿਲਾਸਫੀ ਪ੍ਰਾਪਤ ਹੋ ਸਕੇਗੀ । ਕਿਸੇ ਵੇਲੇ ਇਹ ਦੋਵੇਂ ਇੱਕ ਦੂਜੇ ਨੂੰ ਪ੍ਰੇਮ ਨਾਲ ਮਿਲ ਕੇ ਘੁੱਟ ਕੇ ਦਸਤ ਪੰਜਾ ਲੈ ਲੈਣਗੇ ।' ਇੱਕ ਥਾਂ ਹੋਰ ਇਸੇ ਪੁਸਤਕ ਦਾ ਲਿਖਾਰੀ ਇਸ ਤਰ੍ਹਾਂ ਲਿਖਦਾ ਹੈ:-

'ਮੈਂ ਉਨ੍ਹਾਂ ਸਾਰੇ ਹੀ ਧਰਮਾਂ ਨੂੰ ਪ੍ਰਵਾਨ ਕਰਦਾ ਹਾਂ, ਜੋ ਪਿਛਲੇ ਸਮੇਂ ਵਿੱਚ ਮੌਜੂਦ ਸਨ ਅਤੇ ਉਨ੍ਹਾਂ ਸਾਰਿਆਂ ਨਾਲ ਮਿਲ ਕੇ, ਪੂਜਾ ਕਰਦਾ ਹਾਂ ਇਨ੍ਹਾਂ ਵਿੱਚੋਂ ਹਰੇਕ ਨਾਲ ਮਿਲ ਕੇ ਮੈਂ ਈਸ਼੍ਵਰ ਭਗਤੀ ਕਰਦਾ ਹਾਂ । ਕੀ ਪਰਮਾਤਮਾ ਦੀ ਪੁਸਤਕ ਸਮਾਪਤ ਹੋ ਗਈ ਹੈ, ਕਿ ਲਗਾਤਾਰ ਰੂਪ ਵਿੱਚ ਇਸ ਅੰਦਰ ਹੋਰ ਹੀ ਵਾਧਾ ਹੋ ਰਿਹਾ ਹੈ ? ਇਹ ਇੱਕ ਬੇਹਦ ਵਿਸਮਾਦ ਪੂਰਤਪੁਸਤਕ ਹੈ-ਸੰਸਾਰ ਦੀਆਂ ਇਹ ਸਾਰੀਆਂ ਅਧਿਆਤਮਕ ਰੋਸ਼ਨੀਆਂ । ਬਾਈਬਲ, ਵੇਦ ਕੁਰਾਨ ਅਤੇ ਹੋਰ ਸਾਰੀਆਂ ਪਵਿੱਤਰ ਪੁਸਤਕਾਂ, ਇਸ ਦੇ ਕਿਤਨੇ ਹੀ ਮਹਾਨ ਪੰਨੇ ਹਨ ਅਤੇ ਅਜੇ ਅਣਗਿਣਤ ਹੋਰਨਾਂ ਦਾ ਵਾਧਾ ਹੋਣਾ ਹੈ । ਅਸੀਂ ਵਰਤਮਾਨ ਸਮੇਂ ਅੰਦਰ ਖਲੋਤੇ ਹਾਂ ਪਰ ਅਨੰਦ ਭਵਿੱਖਤ ਲਈ ਆਪਣੀਆਂ ਬਾਹਵਾਂ ਖੁੱਲੀਆਂ ਤੇ ਪਸਰੀਆਂ ਰੱਖਦੇ ਹਾਂ । ਉਹ ਸਾਰਾ ਕੁੱਝ ਜੋ ਪਿੱਛੇ ਹੋ ਬੀਤਿਆ ਹੈ , ਉਸਨੂੰ ਪ੍ਰਵਾਨ ਕਰਦੇ, ਵਰਤਮਾਨ ਸਮੇਂ ਦੇ ਪ੍ਰਕਾਸ਼ ਨੂੰ ਮਾਣਦੇ ਤੇ ਭਵਿੱਖਤ ਵਿੱਚ ਆਉਣ ਵਾਲੇ ਸਾਰੇ ਕੁੱਝ ਲਈ ਆਪਣੀਆਂ ਦਿਲ ਦੀਆਂ ਖਿੜਕੀਆਂ ਖੋਲ੍ਹਕੇ ਰੱਖਦੇ ਹਾਂ । ਬੀਤੇ ਸਮੇਂ ਦੇ ਸਾਰੇ ਮਹਾਨ ਵਿਅਕਤੀਆਂ ਤੇ ਆਉਣ ਵਾਲੇ ਸਮੇਂ ਵਿੱਚ ਪ੍ਰਗਟ ਹੋਣ ਵਾਲੇ ਮਹਾਂਪੁਰਖਾਂ ਨੂੰ ਵੀ ਨਮਸਕਾਰ ਕਰਦੇਂ ਹਾਂ । ਇਹ ਉਪਰੋਕਤ ਸ਼ਬਦ ਸਹੀ ਰੂਪ ਵਿੱਚ ਤਰਜਮਾਨੀ ਕਰਦੇ ਹਨ , ਉਹ ਵਿਸ਼ਾਲ ਭਾਵ ਤੇ ਭਾਵਨਾ ਦੀ ਜਿਸ ਨਾਲ ਭਗਤਾਂ ,ਭੱਟਾਂ ਤੇ ਫ਼ਕੀਰਾਂ ਦੀ ਬਾਣੀ ਨੂੰ ਆਦਿ ਗ੍ਰੰਥ ਜੀ ਅੰਦਰ ਪ੍ਰਤੀਤ ਕੀਤਾ ਗਿਆ ਹੈ ।

★★★★

# ਵੈਸਾਖੀ ਤੇ ਖ਼ਾਲਸੇ ਦਾ ਜਨਮ

-ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਸਿੱਖ ਕੌਮ ਵਿੱਚ ਵੈਸਾਖੀ ਵਾਲੇ ਦਿਨ ਦੀ ਬਹੁਤ ਮਹੱਤਤਾ ਹੈ । ਵੈਸਾਖੀ ਦਾ ਦਿਨ ਖ਼ਾਲਸੇ ਦਾ ਜਨਮ-ਦਿਨ ਮੰਨਿਆ ਜਾਂਦਾ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699 ਈ: ਵਿੱਚ ਆਨੰਦਪੁਰ ਸਾਹਿਬ ਦੇ ਸਥਾਨ ਤੇ ਅਣਗਿਣਤ ਸੰਗਤਾਂ ਦੇ ਇਕੱਠ ਵਿੱਚੋਂ ਵੱਖ-ਵੱਖ ਪ੍ਰਾਂਤਾਂ ਵਿੱਚੋਂ ਸੱਚੇ ਇਨਸਾਨਾਂ ਦੀ ਚੋਣ ਕਰਕੇ ਜਿਨ੍ਹਾਂ ਪੰਜ ਪਿਆਰਿਆਂ ਨੇ ਗੁਰੂ ਜੀ ਦੇ ਹੁਕਮ ਨੂੰ ਸੁਣ ਕੇ ਸੀਸ ਭੇਟਾ ਕੀਤੇ, ਉਨ੍ਹਾਂ ਨੂੰ ਖੰਡੇ ਦੀ ਪਾਹੁਲ ਦੁਆਰਾ ਨਾਮ ਅੰਮ੍ਰਿਤ ਦੀ ਦਾਤ ਅਤੇ ਆਪਣਾ ਸਰੂਪ ਬਖ਼ਸ਼ਿਆ । ਆਪਣਾ ਸਰੂਪ ਬਖ਼ਸ਼ ਕੇ ਖ਼ਾਲਸਾ ਬਣਾਇਆ ਤੇ ਬਚਨ ਕੀਤਾ :

ਖ਼ਾਲਸਾ ਮੇਰੋ ਰੂਪ ਹੈ ਖਾਸ ॥ ਖ਼ਾਲਸੇ ਮਹਿ ਹਉ ਕਰਉ ਨਿਵਾਸ ॥
ਖ਼ਾਲਸਾ ਮੇਰੋ ਪਿੰਡ ਪਰਾਨ ॥ ਖ਼ਾਲਸਾ ਮੇਰੀ ਜਾਨ ਕੀ ਜਾਨ ॥

ਇਤਿਆਦਿ ਬਚਨ ਕਹਿ ਕੇ ਖ਼ਾਲਸੇ ਦੀ ਬਹੁਤ ਮਹਿਮਾ ਕੀਤੀ । ਪਰ ਇਹ ਖ਼ਾਲਸੇ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ ।

ਪ੍ਰਭੂ ਰਚਨਾ ਵਿੱਚ ਵੈਸਾਖ ਦਾ ਮਹੀਨਾ ਬਸੰਤ ਰੁੱਤ ਦਾ ਦੂਜਾ ਮਹੀਨਾ ਹੈ । ਬ੍ਰਿਛਾਂ ਬੂਟਿਆਂ ਆਦਿ ਬਨਸਪਤੀ ਤੇ ਹਰਿਆਵਲ ਪੈਦਾ ਹੁੰਦੀ ਹੈ । ਬਨਸਪਤੀ ਤੇ ਨਵੀਆਂ ਲਗਰਾਂ (ਟਾਹਣੀਆਂ) ਤੇ ਨਵੇਂ ਪੱਤੇ ਪੈਦਾ ਹੁੰਦੇ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ : ਵੈਸਾਖੁ ਭਲਾ ਸਾਖਾ ਵੇਸ ਕਰੇ ॥੬॥

ਵੈਸਾਖ ਦੇ ਮਹੀਨੇ ਦੀ ਪਹਿਲੀ ਤਾਰੀਖ ਨੂੰ ਵਸੋਆ ਵੀ ਆਖਿਆ ਹੈ । ਜਿਸ ਦਾ ਅਰਥ ਹੈ 'ਨਵਾਂ ਦਿਨ' । ਵੈਸਾਖ ਦੇ ਮਹੀਨੇ ਦੇ ਸ਼ੁਰੂ ਵਿੱਚ ਮੇਲੇ ਲੱਗਦੇ ਹਨ । ਵੱਖ-ਵੱਖ ਥਾਂਵਾਂ ਤੇ ਵੱਖ-ਵੱਖ ਰੂਪਾਂ ਵਿੱਚ ਇਹ ਤਿਉਹਾਰ ਮਨਾਇਆ ਜਾਂਦਾ ਹੈ । ਕਿਸਾਨ ਲੋਕ ਕਣਕ ਆਦਿ ਫ਼ਸਲਾਂ ਨੂੰ ਤਿਆਰ ਹੋਇਆ ਵੇਖ ਕੇ ਖ਼ੁਸ਼ ਹੁੰਦੇ ਹਨ । ਬਸੰਤ ਰੁੱਤ ਦੀ ਬਹਾਰ ਨੂੰ ਵੇਖ ਕੇ ਪੰਛੀ ਪ੍ਰਸੰਨ ਹੁੰਦੇ ਹਨ । ਪਤੀ ਤੋਂ ਵਿੱਛੜੀ ਨਾਰ ਵਿਚੋਲਿਆਂ ਦੇ ਰਾਹੀਂ ਮਿਲਾਪ ਹੋਣ ਤੇ ਪ੍ਰਸੰਨ ਹੁੰਦੀ ਹੈ । ਪਰ ਪ੍ਰਭੂ ਦੀ ਪ੍ਰਾਪਤੀ ਅਤੇ ਆਪਣੇ ਜੀਵਨ ਨੂੰ (ਖ਼ਾਲਸ) ਪਵਿੱਤਰ ਕਰਨ ਲਈ ਪੂਰੇ ਗੁਰੂ ਦੀ ਭਾਰੀ ਲੋੜ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ :

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗਜੀਵਨੁ ਦਾਤਾ ਪਾਇਆ ॥ ੬ ॥

ਹੋਰ ਕਥਨ ਹੈ : ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥ ੧ ॥ ੧੦ ॥

ਗੁਰੂ ਸਾਹਿਬ ਜੀ ਕਹਿੰਦੇ ਹਨ, ਪੂਰੇ ਗੁਰੂ ਤੋਂ ਬਿਨਾਂ ਮਨੁੱਖ ਨੂੰ ਪਰਮਾਤਮਾ ਬਾਰੇ ਗਿਆਨ ਨਹੀਂ ਹੋ ਸਕਦਾ । ਦੁਨੀਆਂ ਵਿੱਚ ਮਹਾਨ ਵਿਦਵਾਨ, ਬ੍ਰਹਮਾ, ਨਾਰਦ ਮੁਨੀ ਤੇ ਵੇਦਾਂ ਦਾ ਪ੍ਰਚਾਰ ਕਰਨ ਵਾਲੇ ਵਿਆਸ ਰਿਸ਼ੀ ਆਦਿਕ ਬੁੱਧੀਮਾਨਾਂ ਤੋਂ ਵੀ ਪੁੱਛ ਕੇ ਵੇਖੋ ਭਾਵ ਉਹਨਾਂ ਦੇ ਰਚਿਤ ਕੀਤੇ ਧਾਰਮਿਕ ਗ੍ਰੰਥਾਂ ਵਿੱਚ ਇਹ ਕਥਨ ਹੈ ਕਿ ਗੁਰੂ ਤੋਂ ਬਿਨਾਂ ਮਨੁੱਖ ਨੂੰ ਆਤਮਿਕ ਸੋਝੀ ਨਹੀਂ ਆ ਸਕਦੀ ਤੇ ਮਨੁੱਖ ਦਾ ਜੀਵਨ (ਖ਼ਾਲਸ) ਪਵਿੱਤਰ ਨਹੀਂ ਹੋ ਸਕਦਾ । ਪਰ ਐਸੇ ਸਤਿਗੁਰੂ ਦੀ ਪ੍ਰਾਪਤੀ ਪ੍ਰਭੂ ਦੀ ਕਿਰਪਾ ਹੋਵੇ ਤਾਂ ਹੋ ਸਕਦੀ ਹੈ : ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥੪॥

ਅਗਿਆਨਤਾ ਦੇ ਅੰਧੇਰੇ ਅਤੇ ਮਾਇਆ ਦੇ ਮੋਹ ਵਿੱਚ ਫਸ ਕੇ ਮਨੁੱਖ ਜੂਨਾਂ ਦੇ ਚੱਕਰਾਂ ਵਿੱਚ ਪਿਆ ਰਹਿੰਦਾ ਹੈ। ਗੁਰੂ ਸਾਹਿਬ ਦਾ ਬਚਨ ਹੈ :

ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥੧॥੨॥

ਸੋ ਪੂਰਾ ਸਤਿਗੁਰੂ ਹੀ ਅਗਿਆਨਤਾ ਤੇ ਮੋਹ ਦੇ ਚੱਕਰ ਵਿੱਚ ਭਟਕ ਰਹੇ ਮਨੁੱਖ ਨੂੰ ਸ਼ਬਦ (ਉਪਦੇਸ਼) ਰਾਹੀਂ ਗਿਆਨ ਦਾ ਚਾਨਣ ਦੇ ਕੇ ਮਨੁੱਖ ਨੂੰ ਸੱਚੇ ਸਹੀ ਰਾਹ ਤੇ ਪਾ ਦਿੰਦਾ ਹੈ। ਪੂਰੇ ਗੁਰੂ ਦੇ ਸ਼ਬਦ (ਉਪਦੇਸ਼) ਸੁਣਨ ਤੇ ਵਿਚਾਰਨ, ਮੰਨਣ ਤੋਂ ਬਿਨਾਂ ਕੇਵਲ ਗੁਰੂ ਦੇ ਸਰੀਰ ਨੂੰ ਵੇਖਣ ਦੇ ਨਾਲ ਮਨੁੱਖ ਮੁਕਤੀ ਦੇ ਮਾਰਗ ਨੂੰ ਪ੍ਰਾਪਤ ਨਹੀਂ ਕਰ ਸਕਦਾ। ਗੁਰਬਾਣੀ ਦਾ ਪ੍ਰਮਾਣ ਹੈ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥੩॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੈਸਾਖ ਦੇ ਮਹੀਨੇ ਬਹਾਰ ਦੇ ਮੌਸਮੀ ਸਮੇ ਬਨਸਪਤੀ ਵਿੱਚ ਹਰਿਆਵਲ ਆਈ ਵੇਖ ਕੇ ਮਨੁੱਖ ਨੂੰ ਆਪਣਾ ਜੀਵਨ ਹਰਿਆ-ਭਰਿਆ ਕਰਨ ਦੇ ਲਈ ਪਰਮਾਤਮਾ ਨੂੰ ਪ੍ਰਾਪਤ ਕਰਨਾ ਜ਼ਰੂਰੀ ਦੱਸਿਆ ਹੈ ਤੇ ਇਸ ਮਨੋਰਥ ਦੀ ਪੂਰਤੀ ਦੇ ਲਈ ਸ਼ਬਦ ਤੇ ਸੁਰਤ ਦਾ ਮੇਲ ਹੋਣਾ ਜ਼ਰੂਰੀ ਦੱਸਿਆ ਹੈ। ਗੁਰੂ ਦਾ ਸ਼ਬਦ ਗੁਰੂ ਹੈ ਤੇ ਮਨੁੱਖ ਦੀ ਸੁਰਤ ਦਾ ਮੇਲ ਹੋਣਾ ਜ਼ਰੂਰੀ ਦੱਸਿਆ ਹੈ। ਗੁਰੂ ਦਾ ਸ਼ਬਦ ਗੁਰੂ ਹੈ ਤੇ ਮਨੁੱਖ ਦੀ ਸੁਰਤੀ ਸਿੱਖ ਜਾਂ ਚੇਲਾ ਹੈ। ਗੁਰੂ ਪਾਤਸ਼ਾਹ ਦਾ ਆਪਣਾ ਕਥਨ ਹੈ :

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥

ਗੁਰੂ ਸਾਹਿਬ ਜੀ ਦਾ ਹੋਰ ਫ਼ਰਮਾਨ ਹੈ :

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥੫॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਇੱਕ-ਇੱਕ ਸ਼ਬਦ ਮਨੁੱਖ ਦੇ ਜੀਵਨ ਨੂੰ ਸਵਾਰਨ ਦੇ ਯੋਗ ਹੈ, ਪਰ ਤਦੋਂ ਹੀ ਇਹ ਕਾਰਜ ਹੋ ਸਕਦਾ ਹੈ ਜਦੋਂ ਸਿੱਖ ਆਪਣੀ ਸੁਰਤੀ ਲਾ ਕੇ ਗੁਰੂ ਦੇ ਬਚਨਾਂ ਨੂੰ ਸੁਣੇ, ਆਪਣੀ ਸੁਰਤੀ ਮੰਡਲ ਵਿੱਚ ਟਿਕਾਕੇ ਉਨ੍ਹਾਂ ਬਚਨਾਂ ਅਨੁਸਾਰ ਆਪਣਾ ਜੀਵਨ ਬਣਾਏ। ਬੁਰਿਆਈਆਂ ਦਾ ਤਿਆਗ ਕਰਕੇ ਸਦਗੁਣ ਤੇ ਪਰਮੇਸ਼ਰ ਦਾ ਧਿਆਨ ਆਪਣੇ ਹਿਰਦੇ ਵਿੱਚ ਧਾਰਨ ਕਰੀ ਰੱਖੇ। ਪਰਮੇਸ਼ਰ ਨੂੰ ਸਦਾ ਨੇੜੇ ਆਪਣੇ ਮਨ ਵਿੱਚ ਵੱਸਦਾ ਪ੍ਰਤੀਤ ਕਰੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ : ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥

ਨਾਨਕ ਵੈਸਾਖੀ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥ ੬ ॥

ਜਿਨ੍ਹਾਂ ਨੇ ਪੂਰੇ ਗੁਰੂ ਦੇ ਸ਼ਬਦ ਨੂੰ ਸੁਰਤੀ ਲਾ ਕੇ ਸੁਣਿਆ, ਫਿਰ ਮੰਨਣ ਕੀਤਾ ਤਾਂ ਉਨ੍ਹਾਂ ਦੇ ਜੀਵਨ ਵਿੱਚੋਂ ਕਮਜ਼ੋਰੀਆਂ ਦੂਰ ਹੋ ਗਈਆਂ ਤੇ ਸੱਚੇ ਵਾਹਿਗੁਰੂ ਦੇ ਪਿਆਰ ਵਿੱਚ ਰੰਗੇ ਗਏ। ਉਹ ਇਨਸਾਨ ਖ਼ਾਲਸ ਭਾਵ ਸੱਚੇ-ਸੁੱਚੇ ਜੀਵਨ ਵਾਲੇ ਇਨਸਾਨ ਬਣ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕਥਨ ਹੈ :

ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ
ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ ॥ ੨ ॥ ੫ ॥ ੧੧ ॥

ਸੋ ਭਾਵ ਹੈ ਕਿਸੇ ਵਰਣ, ਕਿਸੇ ਜਾਤੀ ਦਾ ਮਨੁੱਖ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿੱਚ ਆਇਆ ਤੇ ਉਨ੍ਹਾਂ ਦੇ ਉਪਦੇਸ਼ ਨੂੰ ਸੁਰਤੀ ਲਾ ਕੇ ਸੁਣਿਆ ਤੇ ਮੰਨਿਆ। ਉਹ ਆਪ ਵੀ ਮੁਕਤ ਹੋਇਆ ਤੇ ਆਪਣੀਆਂ ਕੁਲਾਂ ਦੇ ਜੀਵਨ ਨੂੰ ਸਵਾਰਨ ਦੇ ਯੋਗ ਹੋ ਗਿਆ ਜਿਵੇਂ ਕਿ ਰਾਇ ਬੁਲਾਰ ਮੁਸਲਮਾਨ, ਭਾਈ ਮਰਦਾਨਾ ਮਰਾਸੀ ਆਦਿ ਵੀ ਗੁਰੂ ਦੇ ਉਪਦੇਸ਼ ਨੂੰ ਸੁਣ, ਮੰਨ ਕੇ, ਪ੍ਰਭੂ ਪ੍ਰਾਪਤੀ ਕਰਕੇ ਸੱਚੇ ਇਨਸਾਨ ਬਣ ਗਏ। ਸੁੱਚੀ ਕਿਰਤ

ਕਰਨ ਵਾਲੇ ਭਾਈ ਲਾਲੋ ਜੀ ਦੇ ਮਨ ਵਿੱਚ ਗੁਰੂ ਉਪਦੇਸ਼ ਸਦਕਾ ਪ੍ਰਭੂ ਦੀ ਭਗਤੀ ਉਜਾਗਰ ਹੋਈ । ਸੰਗਲਾਦੀਪ ਦੇ ਰਾਜੇ ਸ਼ਿਵਨਾਭ ਨੂੰ ਗੁਰੂ ਉਪਦੇਸ਼ ਮੰਨਣ ਤੇ ਬ੍ਰਹਮ ਦਾ ਗਿਆਨ ਹੋਇਆ । ਜਵਾਲਾ ਦੇਵੀ ਦੀ ਪੂਜਾ ਕਰਨ ਵਾਲੇ ਭਾਈ ਲਹਿਣਾ ਜੀ ਨੂੰ ਪਰਮੇਸ਼ਰ ਦੀ ਕਿਰਪਾ ਸਦਕਾ ਗੁਰੂ ਨਾਨਕ ਦੀ ਸ਼ਰਨ ਪ੍ਰਾਪਤ ਹੋਈ, ਤਾਂ ਲਹਿਣਾ ਜੀ ਨੇ ਦੇਵੀ ਦੀ ਪੂਜਾ ਤੇ ਪਰਿਵਾਰ ਦਾ ਮੋਹ ਛੱਡ ਕੇ ਇੱਕ ਗੁਰੂ ਦੀ ਹੀ ਟੇਕ ਮਨ ਵਿੱਚ ਧਾਰੀ ਤੇ ਗੁਰ ਸੇਵਾ ਵਿੱਚ ਲੀਨ ਹੋ ਗਏ । ਗੁਰੂ ਦਾ ਹੁਕਮ ਮੰਨਣਾ ਹੀ ਗੁਰੂ ਦੀ ਅਸਲੀ ਸੇਵਾ ਹੈ । ਜਦ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਰਿਵਾਰ ਤੇ ਸਾਰੀ ਸਿੱਖ ਕੌਮ ਦੀ ਪਰਖ ਕੀਤੀ ਤਾਂ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਗੁਰੂ ਹੁਕਮਾਂ ਨੂੰ ਮੰਨਣ ਦੀ ਪ੍ਰੀਖਿਆ ਵਿੱਚ ਭਾਈ ਲਹਿਣਾ ਜੀ ਹੀ ਸਫਲ ਹੋਏ । ਬਾਣੀ ਵਿੱਚ ਕਥਨ ਹੈ :

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥ ੪ ॥

ਤਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ (ਗੁਰੂ ਅੰਗਦ ਦੇਵ ਜੀ) ਨੂੰ (ਖ਼ਾਲਸ) ਸ਼ੁੱਧ ਇਨਸਾਨ ਜਾਣ ਕੇ ਨਾਮ ਅੰਮ੍ਰਿਤ ਦੀ ਦਾਤ ਦਿੱਤੀ ਤੇ ਆਪਣੇ ਅਸਥਾਨ ਤੇ ਸਸ਼ੋਭਿਤ ਕੀਤਾ ਭਾਵ ਗੁਰੂ ਜੋਤ ਉਨ੍ਹਾਂ ਦੇ ਅੰਦਰ ਟਿਕਾਈ ਤੇ ਗੁਰੂ ਅੰਗਦ ਦੇਵ ਜੀ ਨੇ ਆਪਾ ਨਿਵਾਰ ਕੇ ਗੁਰੂ ਹੁਕਮਾ ਅਨੁਸਾਰ ਸੇਵਾ ਕਰਨ ਵਾਲੇ ਸ਼੍ਰੀ ਅਮਰਦਾਸ ਜੀ ਨੂੰ ਖ਼ਾਲਸਾ ਬਣਾ ਕੇ ਆਪਣੇ ਅਸਥਾਨ ਤੇ ਸਸ਼ੋਭਿਤ ਕੀਤਾ । ਸ਼੍ਰੀ ਗੁਰੂ ਨਾਨਕ ਦੇਵ ਮਹਾਰਾਜ ਮਨੁੱਖਤਾ ਦੇ ਅੰਦਰ ਅਕਾਲ ਪੁਰਖ ਦਾ ਨਾਮ ਸਿਮਰਨ ਦ੍ਰਿੜ ਕਰਨ ਦੇ ਲਈ ਤੇ ਹਉਮੈ ਦੀ ਬੀਮਾਰੀ ਤੋਂ ਬਚਣ ਲਈ ਪ੍ਰਭੂ ਦੀ ਪ੍ਰਾਪਤੀ ਦੀ ਚਾਹ ਵਾਲੇ ਮਨੁੱਖ ਨੂੰ ਚਰਨਾ ਅੰਮ੍ਰਿਤ ਪਿਆਉਂਦੇ ਸਨ । ਭਾਈ ਗੁਰਦਾਸ ਜੀ ਨੇ ਕਥਨ ਕੀਤਾ ਹੈ :

ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪਿਲਾਇਆ ।

ਇਸੇ ਹੀ ਮਰਯਾਦਾ ਨੂੰ ਕਾਇਮ ਰੱਖਣ ਲਈ ਤੇ ਗੁਰਮਤਿ ਵਿਚਾਰਧਾਰਾ ਨੂੰ ਪਰਚਾਰਨ ਦੇ ਲਈ ਸ਼੍ਰੀ ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਆਦਿ ਗੁਰਸਿੱਖਾਂ ਦੀ ਸਹਿਮਤੀ ਨਾਲ ਗੋਇੰਦਵਾਲ ਵਿੱਚ ਵੈਸਾਖੀ ਦਾ ਪੁਰਬ ਮਨਾਉਣਾ ਅਰੰਭ ਕੀਤਾ, ਭਾਵ ਵੈਸਾਖੀ ਵਾਲੇ ਦਿਹਾੜੇ ਦੂਰ-ਨੇੜਿਓ ਬੁਲਾ ਕੇ ਸੰਗਤਾਂ ਦਾ ਇਕੱਠ ਕਰਕੇ ਉਪਦੇਸ਼ ਕੀਤਾ ਕਿ ਗੁਰੂ ਦੇ ਬਚਨਾਂ ਨੂੰ ਤੁਸੀਂ ਸਾਰੇ ਆਪਣੀ ਸੁਰਤੀ ਲਾ ਕੇ ਸਰਵਣ ਕਰੋਗੇ ਤਾਂ ਪਰਮੇਸ਼ਰ ਨੂੰ ਸਰਬ-ਵਿਆਪੀ ਸਮਰੱਥ ਤੇ ਸਾਰੇ ਸੁੱਖਾਂ ਦੇ ਦਾਤੇ ਹੋਣ ਦਾ ਗਿਆਨ ਤੁਹਾਡੇ ਅੰਦਰ ਪੈਦਾ ਹੋਵੇਗਾ । ਪਰਮੇਸ਼ਰ ਨੂੰ ਆਪਣੇ ਅੰਦਰ ਵੱਸਦਾ ਪ੍ਰਤੀਤ ਕਰਕੇ ਬੁਰਿਆਈਆਂ ਤੋਂ ਪ੍ਰਹੇਜ ਕਰਨਾ ਹੈ : ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥ ੧੧ ॥

ਝੂਠਾ ਮੱਧ ਭਾਵ ਸ਼ਰਾਬ ਨਹੀਂ ਪੀਣੀ ਪਰ ਤ੍ਰਿਯ ਰੂਪ ਨੂੰ ਮੰਦੀ ਨਜ਼ਰ ਨਾਲ ਨਹੀਂ ਦੇਖਣਾ : ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥

ਇਸ ਤਰ੍ਹਾਂ ਗੁਰਮਤਿ ਮਾਰਗ ਅਨੁਸਾਰ ਚੱਲਣ ਤੇ ਤੁਹਾਡਾ ਜੀਵਨ ਬਨਸਪਤੀ ਦੀ ਤਰ੍ਹਾਂ ਹਰਿਆ-ਭਰਿਆ ਨਵਾਂ-ਨਰੋਆ ਤੇ ਪਵਿੱਤਰ ਹੋਵੇਗਾ । ਇਸ ਵੈਸਾਖੀ ਦੇ ਪੁਰਬ ਦੀ ਮਰਯਾਦਾ ਨੂੰ ਕਾਇਮ ਰੱਖਦਿਆਂ ਹੋਇਆ ਸ਼੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਵਿੱਚ ਸੰਗਤਾਂ ਦੀ ਇਕੱਤਰਤਾ ਕਰਕੇ ਸ਼ਬਦ ਤੇ ਸੁਰਤ ਦਾ ਮੇਲ ਦ੍ਰਿੜ ਕਰਾਉਂਦੇ ਰਹੇ । ਉਪਰੰਤ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ, ਤਰਨਤਾਰਨ ਤੇ ਕਰਤਾਰਪੁਰ ਆਦਿ ਸਥਾਨਾਂ ਤੇ ਵੈਸਾਖੀ ਦੇ ਪੁਰਬ ਮਨਾ ਕੇ ਸੰਗਤਾਂ ਨੂੰ ਪ੍ਰਭੂ ਦਾ ਨਾਮ ਸਿਮਰਨ ਦ੍ਰਿੜ ਕਰਵਾਇਆ ਤੇ

ਚਰਨਾਂ ਅੰਮ੍ਰਿਤ ਦੀ ਮਰਯਾਦਾ ਅਨੁਸਾਰ ਸਿੱਖੀ ਸਿਦਕ ਵਿੱਚ ਗੁਰਸਿੱਖਾਂ ਨੂੰ ਕਾਇਮ ਕੀਤਾ ਤੇ ਸਖੀ ਸਰਵਰ ਤੇ ਅੰਨ ਪੂਜਾ ਤੋਂ ਹਟਾਇਆ ਤੇ ਇੱਕ ਅਕਾਲ ਪੁਰਖ ਦਾ ਪੁਜਾਰੀ ਬਣਾਇਆ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਪਰੋਕਤ ਸਥਾਨਾਂ 'ਤੇ ਅਤੇ ਕੀਰਤਪੁਰ ਸਾਹਿਬ ਵਿੱਚ ਤੇ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੈਸਾਖੀ ਤੇ ਦੀਪਮਾਲਾ ਆਦਿ ਪੁਰਬਾਂ ਦੇ ਸਮੇਂ ਆਪਣੀ ਹਜ਼ੂਰੀ ਵਿੱਚ ਸੰਗਤਾਂ ਨੂੰ ਬੁਲਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਮਰਯਾਦਾ ਅਨੁਸਾਰ ਚਰਨਾਂ ਅੰਮ੍ਰਿਤ ਦੇ ਕੇ ਗੁਰਸਿੱਖਾਂ ਦੇ ਅੰਦਰੋਂ ਹਉਮੈਂ ਦਾ ਵਿਨਾਸ਼ ਕਰਕੇ ਪਰਮਾਤਮਾ ਦੇ ਨਾਮ ਵਿੱਚ ਸੁਰਤੀ ਜੋੜਨ ਦਾ ਉਪਦੇਸ਼ ਦ੍ਰਿੜਾਇਆ । ਸੋ ਇਸ ਤਰ੍ਹਾਂ ਅਨੇਕਾਂ ਜੀਵਾਂ ਨੇ ਗੁਰੂ ਦੇ ਸ਼ਬਦ ਵਿੱਚ ਆਪਣੀ ਸੁਰਤੀ ਨੂੰ ਜੋੜ ਕੇ ਪ੍ਰਭੂ ਦੀ ਪ੍ਰਾਪਤੀ ਕਰਕੇ ਆਪਣਾ ਜੀਵਨ ਸਫਲਾ ਕੀਤਾ ਤੇ ਖ਼ਾਲਸ ਪਵਿੱਤਰ ਜੀਵਨ ਵਾਲੇ ਇਨਸਾਨ ਬਣੇ । ਸੋ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਮਰਯਾਦਾ : ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥

ਤੇ ਚਰਨ-ਪਾਹੁਲ ਦੀ ਮਰਯਾਦਾ ਨੂੰ ਨਵਾਂ ਰੂਪ ਦਿੱਤਾ ਭਾਵ ਗੁਰਸਿੱਖਾਂ ਦੇ ਅੰਦਰ ਪ੍ਰਭੂ ਦੇ ਸੱਚੇ ਨਾਮ ਦਾ ਪ੍ਰਕਾਸ਼ ਕਰਨ ਲਈ ਅਤੇ ਨਾਲ ਹੀ ਉਨ੍ਹਾਂ ਦੇ ਅੰਦਰ ਬੀਰ-ਰਸ ਪੈਦਾ ਕਰਨ ਲਈ ਭਾਵ ਗੁਰਸਿੱਖ ਨੂੰ ਸੰਤ-ਸਿਪਾਹੀ ਬਣਾਉਣ ਲਈ ਚਰਨ-ਪਾਹੁਲ ਨੂੰ ਖੰਡੇ ਦੀ ਪਾਹੁਲ ਦਾ ਰੂਪ ਦਿੱਤਾ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਟੇ ਦੇ ਅੰਦਰ ਪਵਿੱਤਰ ਜਲ ਪਾ ਕੇ ਖੰਡੇ ਦੀ ਰਗੜ ਨਾਲ ਅੰਮ੍ਰਿਤ ਤਿਆਰ ਕਰਨ ਲੱਗੇ, ਮਾਤਾ ਸਾਹਿਬ ਕੌਰ ਜੀ ਨੇ ਮਿੱਠੇ ਪਤਾਸੇ ਲਿਆ ਕੇ ਪਾਏ । ਇਸ ਵਿੱਚ ਮਿਠਾਸ ਵੀ ਭਰੀ ਤੇ ਪੰਜ ਬਾਣੀਆਂ ਦਾ ਉਚਾਰਨ ਕਰਕੇ ਇਸ ਵਿੱਚ ਪ੍ਰਭੂ ਦੇ ਨਾਮ ਦੀ ਸ਼ਕਤੀ ਨੂੰ ਜਲ ਵਿੱਚ ਸੰਜੋਇਆ । ਇਸ ਬਾਣੀ ਦੇ ਜਾਪ ਤੇ ਪ੍ਰਭੂ ਨਾਮ-ਸਿਮਰਨ ਨੇ ਮਨੁੱਖ ਦੀਆਂ ਸੁੱਤੀਆਂ ਹੋਈਆਂ ਕਲਾਂ ਨੂੰ ਜਗਾਉਣਾ ਹੈ, ਪਰ ਇਹ ਨਾਮ ਅੰਮ੍ਰਿਤ ਦੀ ਦਾਤ ਪਹਿਲੇ ਦਿਨ ਉਨ੍ਹਾਂ ਨੂੰ ਪ੍ਰਾਪਤ ਹੋਈ, ਜਿਨ੍ਹਾਂ ਨੇ 1699 ਈ: ਵੈਸਾਖੀ ਦੇ ਦਿਹਾੜੇ ਆਨੰਦਪੁਰ ਸਾਹਿਬ ਵਿਖੇ ਸੰਗਤਾਂ ਦੇ ਭਾਰੀ ਇਕੱਠ ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਫੜੀ ਨੰਗੀ ਤਲਵਾਰ ਅੱਗੇ ਆਪਣੇ ਸੀਸ ਭੇਟ ਕੀਤੇ । ਉਹ ਸਨ ਪੰਜ ਪਿਆਰੇ :1. ਭਾਈ ਦਇਆ ਰਾਮ ਜੀ ਖੱਤਰੀ, ਵਾਸੀ ਲਾਹੌਰ

2. ਭਾਈ ਧਰਮ ਸਿੰਘ ਜੀ ਜੱਟ, ਵਾਸੀ ਹਸਤਨਾਪੁਰ (ਦਿੱਲੀ)
3. ਭਾਈ ਹਿੰਮਤ ਰਾਏ ਜੀ ਝੀਵਰ, ਵਾਸੀ ਜਗਨਨਾਥਪੁਰੀ
4. ਭਾਈ ਮੁਹਕਮ ਚੰਦ ਜੀ ਛੀਂਬਾ, ਵਾਸੀ ਦੁਆਰਕਾ
5. ਭਾਈ ਸਾਹਿਬ ਚੰਦ ਜੀ ਨਾਈ, ਵਾਸੀ ਬਿਦਰ

ਭਾਵੇਂ ਇਹ ਸਮਾਜਿਕ ਤੌਰ ਤੇ ਪੱਛੜੀਆਂ ਹੋਈਆਂ ਵੱਖ-ਵੱਖ ਜਾਤਾਂ ਵਿੱਚੋਂ ਸਨ ਤੇ ਜਗਤ ਦੇ ਵੱਖ-ਵੱਖ ਸੂਬਿਆਂ ਵਿੱਚੋਂ ਸਨ । ਜਦੋਂ ਇਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅੱਗੇ ਆਪਾ ਸਮਰਪਣ ਕੀਤਾ ਤਾਂ ਇਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੰਡੇ ਦੀ ਪਾਹੁਲ ਦੁਆਰਾ ਨਾਮ ਅੰਮ੍ਰਿਤ ਦੀ ਦਾਤ ਬਖਸ਼ੀ ।

ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ੨ ॥ ੧੧ ॥ ੨੪ ॥

ਦੀ ਸਮਰੱਥਾ ਵਾਲੇ ਸਤਿਗੁਰ ਨੇ ਉਨ੍ਹਾਂ ਨੂੰ ਨਵਾਂ ਜੀਵਨ ਬਖ਼ਸ਼ਿਆ ਅਤੇ ਪੰਜਾਂ ਪਿਆਰਿਆਂ ਨੂੰ ਆਪਣਾ ਸਰੂਪ ਬਖ਼ਸ਼ਿਆ । ਆਪਣੇ ਵਰਗੀ ਸ਼ਕਲ ਸੂਰਤ ਬਖ਼ਸ਼ੀ ਤੇ ਫਿਰ ਬਚਨ ਕੀਤਾ : ਇਹ ਪੰਚਨ ਮਹਿ ਮੇਰੋ ਬਾਸਾ ॥

ਇਨ੍ਹਾਂ ਪੰਜਾਂ ਪਿਆਰਿਆਂ ਤੇ ਮੇਰੇ ਵਿੱਚ ਕੋਈ ਫ਼ਰਕ ਨਹੀਂ ਹੈ । ਇਹ ਪੰਜ ਪਿਆਰੇ ਅਕਾਲ ਪੁਰਖ ਦੇ ਹੁਕਮ ਨਾਲ ਸਾਜਿਆ ਹੋਇਆ ਖ਼ਾਲਸਾ ਹੈ । ਉਨ੍ਹਾਂ ਦੇ ਆਪਣੇ

ਬਚਨ ਹਨ : ਖ਼ਾਲਸਾ ਮੇਰੋ ਰੂਪ ਹੈ ਖਾਸ ॥ ਖ਼ਾਲਸੇ ਮਹਿ ਹਉ ਕਰਉ ਨਿਵਾਸ ॥
ਖ਼ਾਲਸਾ ਮੇਰੋ ਪਿੰਡ ਪਰਾਨ ॥ ਖ਼ਾਲਸਾ ਮੇਰੀ ਜਾਨ ਕੀ ਜਾਨ ॥

ਇਸ ਪ੍ਰਕਾਰ ਵੱਖ-ਵੱਖ ਜਾਤਾਂ ਦੇ ਭੇਦ-ਭਾਵ ਨੂੰ ਸਤਿਗੁਰ ਨੇ ਖ਼ਤਮ ਕਰ ਦਿੱਤਾ । ਕਿਸੇ ਵੀ ਜਾਤ ਵਿੱਚੋਂ ਜੋ ਗੁਰੂ ਦਾ ਹੁਕਮ ਮੰਨੇ ਤੇ ਖੰਡੇ ਦੀ ਪਾਹੁਲ ਛਕੇ, ਉਹ ਇਨਸਾਨ ਖ਼ਾਲਸਾ ਹੋ ਸਕਦਾ ਹੈ । ਇਸ ਵਿਚਾਰ ਨੂੰ ਪ੍ਰਪੱਕ ਕਰਨ ਦੇ ਲਈ ਗੋਬਿੰਦ ਰਾਏ ਜੀ ਨੇ ਉਨ੍ਹਾਂ ਪੰਜ ਪਿਆਰਿਆਂ ਦੇ ਅੱਗੇ ਹੱਥ ਜੋੜੇ ਤੇ ਮੰਗ ਕੀਤੀ । ਹੇ ਗੁਰੂ ਰੂਪ ਖ਼ਾਲਸਾ ਜੀਓ ! ਮੈਨੂੰ ਗੋਬਿੰਦ ਰਾਏ ਨੂੰ ਵੀ ਖੰਡੇ ਦੀ ਪਾਹੁਲ ਛਕਾਓ ਤਾਂ ਕਿ ਮੈਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਸਕਾਂ, ਤਾਂ ਪੰਜ ਪਿਆਰਿਆਂ ਨੇ ਸਰਬੰਸ ਵਾਰਨ ਦਾ ਬਚਨ ਮੰਨ ਕੇ ਖੰਡੇ ਦੀ ਪਾਹੁਲ ਬਖ਼ਸ਼ੀ । ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਸਿੱਖ ਚੇਲਿਆਂ ਨੂੰ ਗੁਰੂ ਸਥਾਪਨ ਕਰਕੇ ਆਪ ਸਿੱਖ ਚੇਲੇ ਬਣ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ । ਇਸੇ ਕਰਕੇ ਹੀ ਇਹ ਕਥਨ ਕੀਤਾ ਜਾਂਦਾ ਹੈ ।

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥

ਇਸ ਪ੍ਰਕਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਆਪ ਖੰਡੇ ਦੀ ਪਾਹੁਲ ਲੈ ਕੇ ਇਹ ਮਰਯਾਦਾ ਕਾਇਮ ਕਰ ਦਿੱਤੀ ਕਿ ਹੁਣ ਤੋਂ ਕੋਈ ਇਕੱਲਾ ਵਿਅਕਤੀ ਕਿਸੇ ਨੂੰ ਵੀ ਖੰਡੇ ਦੀ ਪਾਹੁਲ, ਗੁਰਮੰਤਰ ਨਹੀਂ ਦੇ ਸਕਦਾ । ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰੇ ਹੀ ਗੁਰੂ ਰੂਪ ਹੋ ਕੇ ਕਿਸੇ ਗੁਰਸਿੱਖ ਨੂੰ ਸਿੱਖੀ ਸਿਦਕ, ਖੰਡੇ ਦੀ ਪਾਹੁਲ ਤੇ ਨਾਮ ਮੰਤਰ ਦੀ ਦਾਤ ਦੇ ਸਕਦੇ ਹਨ, ਤੇ ਇਹ ਅੰਮ੍ਰਿਤ ਦੀ ਦਾਤ ਬਹੁਤੀ ਹੀ ਵਡਮੁੱਲੀ ਹੈ । ਸਾਨੂੰ ਪ੍ਰਚਾਰਕਾਂ ਨੂੰ ਜਬਰਦਸਤੀ ਕਿਸੇ ਨੂੰ ਅੰਮ੍ਰਿਤ ਨਹੀਂ ਛਕਾਉਣਾ ਚਾਹੀਦਾ । ਜਦੋਂ ਕੋਈ ਵਿਅਕਤੀ ਅੰਮ੍ਰਿਤਧਾਰੀ ਗੁਰਸਿੱਖ ਦੇ ਸੁਹਾਵਣੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਵਾਰ-ਵਾਰ ਅੰਮ੍ਰਿਤ ਛਕਣ ਦੇ ਤਰਲੇ ਲਵੇ ਤੇ ਗੁਰਮਤਿ ਰਹਿਤਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦਾ ਪ੍ਰਣ ਦੇਵੇ ਤਾਂ ਉਸ ਨੂੰ ਪੰਜ ਪਿਆਰੇ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅੰਮ੍ਰਿਤ ਦੀ ਦਾਤ ਦੇ ਸਕਦੇ ਹਨ । ਇਸ ਪ੍ਰਕਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਵੈਸਾਖ ਦੇ ਮਹੀਨੇ ਦੀ ਬਾਣੀ ਤੋਂ ਉਪਦੇਸ਼ ਦਿੱਤਾ ਸੀ, 'ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥' ਹੁਣ ਦੇ ਉਪਦੇਸ਼ ਅਨੁਸਾਰ 1699 ਦੀ ਵੈਸਾਖੀ ਵਾਲੇ ਦਿਨ ਗੁਰੂ ਦੇ ਸ਼ਬਦ ਨੂੰ ਸੁਰਤ ਲਾ ਕੇ ਸੁਣਨ ਵਾਲੇ ਤੇ ਮਨ ਵਿੱਚ ਮੰਨਣ ਵਾਲਿਆਂ ਨੂੰ ਅਕਾਲ ਪੁਰਖ ਦੀ ਜੋਤ ਦੇ ਦਰਸ਼ਨ ਕਰਾ ਕੇ ਖ਼ਾਲਸਾ ਸਰੂਪ ਬਖ਼ਸ਼ਿਆ ਤੇ ਖ਼ਾਲਸੇ ਦੀ ਸਾਜਣਾ ਕੀਤੀ । ਹੁਣ ਵੀ ਜੋ ਵਿਅਕਤੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਜਾ ਕੇ ਸ਼ਬਦ ਸੁਰਤ ਦਾ ਮੇਲ ਕਰਨਗੇ, ਉਨ੍ਹਾਂ ਦੇ ਅੰਦਰ ਪਰਮਾਤਮਾ ਦੀ ਜੋਤ ਜਗੇਗੀ ਤੇ ਉਹ ਮਨੁੱਖ ਖ਼ਾਲਸ (ਪਵਿੱਤਰ) ਜਿਊਣ ਵਾਲੇ ਬਣ ਜਾਣਗੇ । ਖ਼ਾਲਸੇ ਦਾ ਨਿੱਤ ਕਰਮ ਤੇ ਪਛਾਣ ਇਹ ਹੈ :

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥

ਹਰ ਗੁਰਸਿੱਖ ਨੂੰ ਖ਼ਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਦੇ ਦੀਦਾਰ ਕਰਨੇ ਚਾਹੀਦੇ ਹਨ ਤੇ ਗੁਰੂ ਸਾਹਿਬ ਵੱਲੋਂ ਦੱਸੀਆਂ ਹੋਈਆਂ ਰਹਿਤਾਂ ਨੂੰ ਅਸੀ ਆਪਣੇ ਜੀਵਨ ਵਿੱਚ ਅਪਨਾਈਏ । ਨਸ਼ੇ ਆਦਿ ਬੁਰਾਈਆਂ ਨੂੰ ਤਿਆਗ ਕੇ ਪੰਜ ਪਿਆਰੇ ਗੁਰੂ ਖ਼ਾਲਸੇ ਪਾਸੋਂ ਅੰਮ੍ਰਿਤ ਛਕ ਕੇ ਖ਼ਾਲਸਾ ਬਣੀਏ ਤੇ ਖ਼ਾਲਸੇ ਦੇ ਜਨਮ-ਦਿਨ ਦੀਆਂ ਵਧਾਈਆਂ ਨੂੰ ਪ੍ਰਾਪਤ ਕਰਨ ਦੇ ਯੋਗ ਹੋਈਏ ।

✪✪✪✪

# ਮਹੰਤ ਭਾਈ ਗੁਲਾਬ ਸਿੰਘ ਜੀ

(ਸਵ: ਪ੍ਰਿੰ: ਭਗਤ ਸਿੰਘ 'ਹੀਰਾ')

ਆਪ ਜੀ ਦਾ ਜਨਮ ਪਿੰਡ ਫ਼ਾਜਲ ਜ਼ਿਲ੍ਹਾ ਮੀਆਂਵਾਲੀ (ਹਾਲ ਪਾਕਿਸਤਾਨ) ਵਿੱਚ ਪਿਤਾ ਭਾਈ ਖ਼ਜਾਨ ਸਿੰਘ ਦੇ ਘਰ ਮਾਤਾ ਸੇਵਾ ਬਾਈ ਜੀ ਦੀ ਕੁੱਖੋਂ ਸੰਨ 1871 ਈ: ਸੰਮਤ 1928 ਬਿਕ੍ਰਮੀ ਵਿੱਚ ਹੋਇਆ ।

ਭਾਈ ਖ਼ਜ਼ਾਨ ਸਿੰਘ ਜੀ ਡੇਰੇ ਦੇ ਚੰਗੇ ਸ਼ਰਧਾਲੂ ਸਨ । ਆਪ ਮਾਲਵੇ ਦੇਸ਼ ਵਿੱਚ ਬਲਦਾਂ ਤੇ ਊਠਾਂ ਦਾ ਵਪਾਰ ਕਰਦੇ ਸਨ । ਇਕ ਵਾਰ ਮਹੰਤ ਲਖਮੀ ਦਾਸ ਜੀ ਦੇ ਦਰਸ਼ਨ ਕਰਨ ਲਈ ਨੂਰਪੁਰ ਆਏ । ਪਿੰਡ ਨੂੰ ਜਾਣ ਲੱਗਿਆਂ ਮਨ ਵਿੱਚ ਸੰਕਲਪ ਕੀਤਾ ਕਿ ਜੇਕਰ ਸਤਿਗੁਰੂ ਨੇ ਹੁਣ ਮੇਰੇ ਘਰ ਪੁੱਤਰ ਨੂੰ ਜਨਮ ਦਿੱਤਾ ਤਾਂ ਉਹ ਪੁੱਤਰ ਮੈਂ ਡੇਰੇ ਨੂੰ ਅਰਪਣ ਕਰਾਂਗਾ। ਵਾਹਿਗੁਰੂ ਜੀ ਦੀ ਕਰਨੀ ਐਸੀ ਹੋਈ ਕਿ ਇਸ ਤੋਂ ਪੂਰੇ ਇੱਕ ਮਹੀਨੇ ਮਗਰੋਂ ਹੀ ਉਸ ਦੇ ਘਰ ਇੱਕ ਬਾਲਕ ਨੇ ਜਨਮ ਲਿਆ । ਅਜੇ ਇਹ ਬਾਲਕ ਮਸਾਂ ਦੋ ਕੁ ਵਰ੍ਹਿਆਂ ਦਾ ਹੀ ਹੋਇਆ ਸੀ ਕਿ ਸ੍ਰ: ਖਜ਼ਾਨ ਸਿੰਘ ਜੀ ਦਾ ਅੰਤ ਸਮਾਂ ਆ ਗਿਆ । ਸ੍ਰ: ਖਜ਼ਾਨ ਸਿੰਘ ਜੀ ਨੇ ਆਪਣੀ ਘਰ ਵਾਲੀ ਤੇ ਆਪਣੇ ਵੱਡੇ ਭਰਾ ਦੇ ਪੁੱਤਰ ਭਾਈ ਨਿਧਾਨ ਸਿੰਘ ਨੂੰ ਬੁਲਾ ਕੇ ਆਖਿਆ, "ਮੈਂ ਗੁਲਾਬ ਸਿੰਘ ਨੂੰ ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ) ਵਿੱਚ ਚੜ੍ਹਾਨ ਦੀ ਮੰਨਤ ਮੰਨੀ ਹੋਈ ਹੈ । ਇਸ ਲਈ ਇਸ ਨੂੰ ਮਹੰਤ ਲਖਮੀ ਦਾਸ ਜੀ ਪਾਸ ਛੱਡ ਆਉਣਾ।" ਇੰਨਾ ਕਹਿਣ ਤੋਂ ਬਾਅਦ ਭਾਈ ਖ਼ਜਾਨ ਸਿੰਘ ਜੀ ਚੜ੍ਹਾਈ ਕਰ ਗਏ । ਜਦੋਂ ਬਾਲਕ ਦਸਾਂ ਸਾਲਾਂ ਦਾ ਹੋਇਆਂ ਤਾਂ ਨੂਰਪੁਰ ਪਹੁੰਚਾ ਦਿੱਤਾ ਗਿਆ ।

ਮਾਂ ਦਾ ਮੋਹ ਮਾਈ ਸੇਵਾ ਬਾਈ ਨੂੰ ਤੰਗ ਕਰਨ ਲੱਗਾ ਤੇ ਮੋਹ ਮਮਤਾ ਦੀ ਮਾਰੀ ਛੇ ਮਹੀਨੇ ਬਾਅਦ ਪੁੱਤਰ ਨੂੰ ਮੰਗਵਾ ਕੇ ਘਰ ਲੈ ਆਈ ਮੋਹ ਫਾਬੀ ਵਾਪਸ ਭੇਜਣ ਦਾ ਨਾਂ ਨਾ ਲਵੇ । ਆਖਰ ਅਤਿਸਾਰ ਦਾ ਰੋਗ ਲੱਗ ਗਿਆ, ਮਰਨ ਕੰਢੇ ਪਹੁੰਚ ਗਈ। ਬਚਣ ਦੀ ਕੋਈ ਉਮੀਦ ਨਾ ਰਹੀ। ਭਾਈ ਨਿਧਾਨ ਸਿੰਘ ਨੂੰ ਸੁਪਨਾ ਆਇਆ, "ਜੇ ਮਾਈ ਸੇਵਾ ਬਾਈ ਹਯਾਤੀ ਚਾਹੁੰਦੀ ਹੈ ਤਾਂ ਮੁੰਡੇ ਨੂੰ ਟਿਕਾਣੇ ਸਾਹਿਬ ਤੇ ਪਹੁੰਚਾ ਦੇਵੇ।" ਇਸ ਸੁਪਨੇ ਤੋਂ ਬਾਅਦ ਲੱਗਭੱਗ ਇੱਕ ਸਾਲ ਆਪਣੇ ਪਾਸ ਰੱਖਣ ਮਗਰੋਂ ਫਿਰ ਟਿਕਾਣਾ ਸਾਹਿਬ ਜਾ ਕੇ ਪਹੁੰਚਾ ਆਏ ।

ਮੋਹ ਤੇ ਮਾਂ ਦੀ ਮਮਤਾ ਵੀ ਇੱਕ ਤਿੱਖਾ ਤੀਰ ਹੈ । ਮਾਂ ਦੇ ਮਨ ਵਿੱਚ ਇੱਕ ਐਸੀ ਖ਼ਲਸ ਪੈਦਾ ਕਰ ਦਿੰਦੀ ਹੈ ਜੋ ਪੁੱਤਰ ਦੇ ਵਸਲ ਬਿਨਾਂ ਠੰਢੀ ਨਹੀਂ ਹੁੰਦੀ । ਇਹੀ ਹਾਲਤ ਮਾਤਾ ਸੇਵਾ ਬਾਈ ਦੀ ਸੀ । ਥੋੜ੍ਹੀ ਦੇਰ ਬਾਅਦ ਪੁੱਤਰ ਵਿਛੋੜੇ ਦੀ ਖ਼ਲਸ ਉਸ ਨੂੰ ਬਿਹਬਲ ਕਰ ਦਿੰਦੀ ਤੇ ਕਿਸੇ ਬਹਾਨੇ ਉਸ ਨੂੰ ਘਰ ਲੈ ਆਂਦੀ ਫਿਰ ਨੀਅਤ ਵਿੱਚ ਫ਼ਰਕ ਪੈ ਜਾਣ ਤੇ ਬੀਮਾਰ ਪੈ ਜਾਂਦੀ । ਫਿਰ ਬੱਚੇ ਨੂੰ ਨੂਰਪੁਰ ਪਹੁੰਚਣਾ ਪੈਂਦਾ। ਇਸ ਤਰ੍ਹਾਂ ਉਸ ਨੇ ਦੋ ਤਿੰਨ ਵਾਰ ਕੀਤਾ ਪਰ ਆਖ਼ਰ ਦਿਲ ਤੇ ਪੱਥਰ ਰੱਖਣਾ ਹੀ ਪਿਆ ਤੇ ਤੇਰ੍ਹਾਂ ਸਾਲ ਦੀ ਉਮਰ ਵਿੱਚ ਉਸ ਨੇ ਪੁੱਤਰ ਨੂੰ ਪੱਕੇ ਤੌਰ ਤੇ ਡੇਰੇ ਨੂੰ ਸੌਂਪ ਦਿੱਤਾ ।

ਭਾਈ ਗੁਲਾਬ ਸਿੰਘ ਨੇ ਪਸ਼ੂਆਂ ਦੇ ਵਾੜੇ ਵਿੱਚੋਂ ਗੋਹਾ ਇਕੱਠਾ ਕਰਨ ਤੇ ਥੱਪਣ

ਦੀ ਸੇਵਾ ਸੰਭਾਲੀ । ਇਹ ਆਪਣੀ ਸੇਵਾ ਨੂੰ ਬੜੀ ਮਸਤੀ ਤੇ ਮਗਨਤਾ ਨਾਲ ਕਰਦੇ ਸਨ । ਮਹੰਤ ਭਾਈ ਲਖਮੀ ਦਾਸ ਜੀ ਨੂੰ ਇਨ੍ਹਾਂ ਦੀ ਇਸ ਅਲਮਸਤ ਅਵਸਥਾ ਦਾ ਪਤਾ ਸੀ । ਇਹ ਆਪਣੀ ਸਰੀਰਕ ਕਿਰਿਆ ਵੱਲੋਂ ਇਤਨੇ ਲਾਪਰਵਾਹ ਸਨ ਕਿ ਮਾਈਆਂ ਮਹੀਨੇ-ਮਹੀਨੇ ਮਗਰੋਂ ਇਨ੍ਹਾਂ ਨੂੰ ਖਿੱਚ ਧੂਹ ਕੇ ਕੇਸੀ ਇਸ਼ਨਾਨ ਕਰਾਉਦੀਆਂ ਤੇ ਜੂੰਆਂ ਕੱਢਦੀਆਂ ਸਨ । ਆਪ ਆਪਣੀ ਸੇਵਾ ਵਿੱਚ ਸਦਾ ਮਸਤ ਰਹਿੰਦੇ । ਸੇਵਾ ਕਰਦਿਆਂ ਇਨ੍ਹਾਂ ਦੀ ਰਸਨਾ ਆਪ ਮੁਹਾਰੀ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੀ ਰਹਿੰਦੀ ਸੀ ।

ਮਹੰਤ ਲਖਮੀ ਦਾਸ ਜੀ ਨੇ ਅਨੁਭਵ ਕੀਤਾ ਕਿ ਉਨ੍ਹਾਂ ਦਾ ਅੰਤ ਸਮਾਂ ਨੇੜੇ ਆ ਰਿਹਾ ਹੈ । ਉਨ੍ਹਾਂ ਮਹੰਤ ਭਗਤ ਸਿੰਘ ਜੀ ਨੂੰ ਬੁਲਾਇਆ ਤੇ ਉਨ੍ਹਾਂ ਨਾਲ ਮਸ਼ਵਰਾ ਕਰਕੇ ਤੇ ਪੰਚਾਇਤ ਦੀ ਸਲਾਹ ਲੈਣ ਮਗਰੋਂ, ਗੋਹਾ ਥੱਪਦੇ ਭਾਈ ਗੁਲਾਬ ਸਿੰਘ ਜੀ ਨੂੰ ਪਸ਼ੂਆਂ ਦੇ ਵਾੜੇ ਵਿੱਚੋਂ ਬੁਲਾਇਆ । ਇਸ਼ਨਾਨ ਕਰਵਾਇਆ, ਸਾਫ-ਸੁਥਰੇ ਬਸਤਰ ਪਵਾਏ ਤੇ ਦਸਤਾਰਬੰਦੀ ਦੀ ਰਸਮ ਅਦਾ ਕਰਕੇ ਡੇਰੇ ਦੀ ਸੇਵਾ-ਸੰਭਾਲ ਸੌਂਪ ਦਿੱਤੀ । ਇਹ ਘਟਨਾ ਅੱਸੂ ਸੰਮਤ 1965 ਦੀ ਹੈ । ਇਸ ਤੋਂ ਤਕਰੀਬਨ ਇਕ ਮਹੀਨੇ ਮਗਰੋਂ ਕੱਤਕ ਸੰਮਤ 1965 ਵਿੱਚ ਮਹੰਤ ਭਾਈ ਲਖਮੀ ਦਾਸ ਜੀ ਨੇ ਸਰੀਰਕ ਚੋਲਾ ਛੱਡ ਦਿੱਤਾ ।

ਜਦ ਆਪ ਜੀ ਨੇ ਡੇਰੇ ਦੀ ਸੇਵਾ ਲਈ ਉਸ ਵੇਲੇ ਡੇਰੇ ਤੇ ਤਿੰਨ ਹਜ਼ਾਰ ਰੁਪਏ ਦਾ ਕਰਜ਼ਾ ਸੀ । ਲੈਣਦਾਰ ਭਾਈ ਸਾਹਿਬ ਤੋਂ ਕਰਜਾ ਵਸੂਲ ਕਰਨ ਲਈ ਆਏ ਤੇ ਕਈ ਤਰ੍ਹਾਂ ਦੇ ਰੋਹਬ ਪਾਣ ਲੱਗੇ । ਭਾਈ ਜੀ ਨੇ ਕਿਹਾ, "ਆਖਰ ਤੁਸਾਂ ਪੈਸਾ ਹੀ ਲੈਣਾ ਹੈ ਨਾ, ਐਵੇਂ ਫੋਕਾ ਰੋਹਬ ਕਾਹਨੂੰ ਛਾਂਟਦੇ ਹੋ ।" ਭਾਈ ਸਾਹਿਬ ਨੇ ਭਾਈ ਜਗਤਾ ਜੀ ਦੀ ਸਮਾਧ ਤੇ ਜਾ ਕੇ ਅਰਦਾਸ ਕੀਤੀ ਤੇ ਡੇਰੇ ਦਾ ਕੰਮ ਚਲਾਣ ਲਈ ਮਾਇਆ ਮੰਗੀ । ਅਰਦਾਸ ਕਰਕੇ ਜਦ ਆਪਣੇ ਕਮਰੇ ਵਿੱਚ ਆਏ ਤਾਂ ਵੇਖਿਆ ਕਿ ਉਨ੍ਹਾਂ ਦੀ ਮੰਜੀ ਹੇਠ ਇੱਕ ਘੜਾ ਪਿਆ ਹੋਇਆ ਸੀ ਜਿਸ ਵਿੱਚ ਕੌਡੀਆਂ ਸਨ ਪਰ ਹੁਣ ਉਹ ਰੁਪਈਆਂ ਨਾਲ ਭਰਿਆ ਪਿਆ ਸੀ ।

ਉਸ ਦਿਨ ਤੋਂ ਬਾਅਦ ਉਨ੍ਹਾਂ ਨੂੰ ਮਾਇਆ ਦੀ ਕਦੇ ਵੀ ਥੁੜ੍ਹ ਨਹੀਂ ਰਹੀ । ਹਰ ਪਾਸਿਉਂ ਲੱਛਮੀ ਛਹਿਬਰ ਲਾ ਕੇ ਵਸੀ ।

ਥੋੜ੍ਹੇ ਦਿਨਾਂ ਵਿੱਚ ਹੀ ਕੱਚੇ ਕੋਠੇ ਪੱਕੇ ਮਕਾਨਾਂ ਵਿੱਚ ਬਦਲ ਗਏ, ਰਿਹਾਇਸ਼ੀ ਮਕਾਨ ਬਣ ਗਏ । ਹਰਿਮੰਦਰ ਦੀ ਉਸਾਰੀ ਬਹੁਤ ਆਲੀਸ਼ਾਨ ਢੰਗ ਨਾਲ ਕੀਤੀ ਗਈ । ਹੋਰ ਕਈ ਇਮਾਰਤਾਂ ਬਣਵਾਈਆਂ, ਸਾਧਾਂ ਲਈ ਕੋਠੜੀਆਂ ਤੇ ਚੁਬਾਰੇ, ਸੰਗਤਾਂ ਲਈ ਸਰਾਵਾਂ, ਮਾਲ-ਡੰਗਰ ਲਈ ਵੱਖਰੇ ਅਸਥਾਨ ਬਣਵਾਏ। ਗੱਲ ਕੀ ਸਾਰੇ ਟਿਕਾਣੇ ਦੀ ਤਾਮੀਰ (ਉਸਾਰੀ) ਨਵੇਂ ਸਿਰਿਉਂ ਕਰਵਾਈ ।

ਸਾਧ ਵਾਲੇ ਪਿੰਡ ਵਿੱਚ ਟਿਕਾਣੇ ਦੇ ਨਾਂ ਤੇ ਬਹੁਤ ਸਾਰੀ ਜ਼ਮੀਨ ਖਰੀਦੀ । ਲਾਇਲਪੁਰ ਵਿੱਚ ਵੀ ਇੱਕ ਆਲੀਸ਼ਾਨ ਮਕਾਨ ਟਿਕਾਣੇ ਦੇ ਨਾਂ ਤੇ ਖਰੀਦਿਆ ।

ਮਿੱਠੇ ਟਿਵਾਣੇ ਦਾ ਸਕੂਲ ਤੇ ਗੁਰਦੁਆਰਾ ਮੋਹਨਪੁਰ ਦੀ ਵਿੱਤੋਂ ਬਾਹਰੀ ਸੇਵਾ ਕੀਤੀ। ਸ੍ਰੀ ਨਨਕਾਣਾ ਸਾਹਿਬ ਮਿੱਠਿਆਂ ਵਾਲੇ ਮਹੰਤਾਂ ਦੇ ਅਸਥਾਨ ਤੇ ਇਕ ਸੁੰਦਰ ਚੁਬਾਰਾ ਪਾਇਆ। ਸ੍ਰੀ ਅੰਮ੍ਰਿਤਸਰ ਵੀ ਮਹੰਤ ਸਾਹਿਬਾਂ ਦੇ ਅਸਥਾਨ ਤੇ ਕਮਰਾ ਪਵਾਇਆ।

ਆਪ ਦਾ ਪਹਿਰਾਵਾ ਪੁਰਾਣਾ ਸੰਤਾਂ ਵਾਲਾ ਤੇ ਬੜਾ ਸਾਦਾ ਹੁੰਦਾ ਸੀ । ਸਖਾਵਤ

ਦੇ ਪੁਤਲੇ ਸਨ । ਕਦੇ ਕਿਸੇ ਲੋੜਵੰਦ ਨੂੰ ਉਨ੍ਹਾਂ ਨਿਰਾਸ਼ ਕਰਕੇ ਨਹੀਂ ਸੀ ਭੇਜਿਆ । ਜੋ ਆਸਾਂ ਧਾਰ ਕੇ ਆਇਆ ਆਪ ਨੇ ਉਸ ਦੀਆਂ ਆਸਾਂ ਪੂਰੀਆਂ ਕੀਤੀਆਂ, ਮਲਾਲ ਤਾਂ ਉਹਨਾਂ ਦੇ ਚਿਹਰੇ ਦੇ ਕਦੇ ਨੇੜੇ ਨਹੀਂ ਸੀ ਢੁੱਕਾ । ਜਿਸ ਕਿਸੇ ਨੇ ਉਨ੍ਹਾਂ ਨੂੰ ਵੇਖਿਆ ਹੱਸੂ-ਹੱਸੂ ਕਰਦਿਆਂ ਵੇਖਿਆ, ਖੇੜ੍ਹੇ ਵਿੱਚ ਵੇਖਿਆ, ਪੁਰ ਜਲਾਲ ਵੇਖਿਆ ਤੇ ਚੜ੍ਹਦੀਕਲਾ ਵਿੱਚ ਵੇਖਿਆ । ਜਮਾਲ ਤੇ ਜਲਾਲ ਉਨ੍ਹਾਂ ਨੂੰ ਵਿਰਸੇ ਵਿੱਚ ਮਿਲਿਆ ਹੋਇਆ ਸੀ ।

ਹਰ ਕੋਈ ਇਹੋ ਸਮਝਦਾ ਸੀ ਕਿ ਉਸ ਦੇ ਆਪਣੇ ਹਨ । ਬੇਗਾਨਾਪਨ ਤਾਂ ਉਨ੍ਹਾਂ ਵਿੱਚ ਉੱਕਾ ਹੀ ਨਹੀਂ ਸੀ । ਗੱਲ ਕੀ ਉਹ ਹਰ ਕਿਸੇ ਨੂੰ ਮਿਹਰਵਾਨ ਤੇ ਪਾਲਣਹਾਰ ਮਾਤਾ ਪਿਤਾ ਦੇ ਸਮਾਨ ਹੀ ਜਾਪਦੇ ਸਨ ।

ਜਿੱਥੇ ਉਹ ਧੀਰਜਵਾਨ, ਸਹਿਨਸ਼ੀਲ ਤੇ ਉਦਾਰ-ਚਿੱਤ ਸਨ ਉਥੇ ਹੀ ਉਹ ਜਤੀ ਸਤੀ, ਸੰਤੋਖੀ, ਦਾਨੀ, ਸਤਵਾਦੀ ਤੇ ਪੂਰਨ ਨਿੱਤ-ਨੇਮੀ ਸਨ, ਉਨ੍ਹਾਂ ਆਪਣੇ ਹੁਕਮ ਨਾਲ ਕਈ ਸਹਿਜਧਾਰੀਆਂ ਪਾਸੋਂ ਕੇਸ ਰਖਵਾਏ ਤੇ ਸਿੰਘ ਸਜਾਇਆ ਸੀ। ਆਪਣੇ ਸਮੇਂ ਵਿੱਚ ਉਨ੍ਹਾਂ ਹਜ਼ਾਰਾਂ ਦੀ ਗਿਣਤੀ ਵਿੱਚ ਖੰਡੇ ਦਾ ਅੰਮ੍ਰਿਤ ਛਕਵਾ ਕੇ ਸਿੰਘ ਸਜਾਏ। ਹਰ ਕੋਈ ਉਨ੍ਹਾਂ ਦੇ ਹੁਕਮ ਦੀ ਪਾਲਣਾ ਵਿੱਚ ਆਪਣੇ ਧੰਨ ਭਾਗ ਸਮਝਦਾ ਸੀ। ਉਹਨਾਂ ਦੀਆਂ ਜੀਵਨ ਝਲਕੀਆਂ ਤਾਂ ਅਨੇਕ ਹਨ ਪਰ ਵੰਨਗੀ ਮਾਤਰ ਇਥੇ ਇਕ ਦੋ ਦਾ ਹੀ ਜ਼ਿਕਰ ਕੀਤਾ ਜਾ ਸਕਦਾ ਹੈ ।

ਨਿਰਵੈਰਤਾ :- ਨੂਰਪੁਰ ਦਾ ਸ੍ਰ: ਮੋਹਨ ਸਿੰਘ ਕਿਸੇ ਕਾਰਨ ਆਪ ਜੀ ਦਾ ਵਿਰੋਧੀ ਹੋ ਗਿਆ। ਉਸ ਨੇ ਕਈ ਲੋਕਾਂ ਨੂੰ ਵਰਗਲਾ ਕੇ ਆਪਣੇ ਪਿੱਛੇ ਲਾਉਣ ਦਾ ਯਤਨ ਕੀਤਾ। ਵਿਰੋਧੀ ਇਸ਼ਤਿਹਾਰਬਾਜ਼ੀ ਕੀਤੀ, ਜਲਸੇ ਕੀਤੇ ਤੇ ਨੰਗੀਆਂ ਗਾਲ੍ਹਾਂ ਕੱਢੀਆਂ ਪਰ ਆਪ ਉਸ ਦੇ ਕੋਝੇ ਪ੍ਰਚਾਰ ਵੱਲੋਂ ਕਤਈ ਲਾਪਰਵਾਹ ਰਹੇ । ਬਦਕਿਸਮਤੀ ਨਾਲ ਉਸ ਦਾ 18 ਸਾਲਾਂ ਦਾ ਨੌਜਵਾਨ ਪੁੱਤਰ ਅਕਾਲ ਚਲਾਣਾ ਕਰ ਗਿਆ । ਉਥੋਂ ਦੇ ਰਸਮ-ਰਿਵਾਜ ਮੁਤਾਬਿਕ ਉਸ ਦੇ ਮੁਰਦਾ ਸਰੀਰ ਦਾ ਭਾਵ ਅਰਥੀ ਨੂੰ ਭਾਈ ਜਗਤਾ ਜੀ ਦੀ ਸਮਾਧ ਤੇ ਮੱਥਾ ਟਿਕਵਾਉਣਾ ਤੇ ਸਿਰੋਪਾਓ ਪਵਾਉਣਾ ਸੀ ਜੋ ਕੀਤਾ ਗਿਆ । ਸਿਰੋਪਾ ਕੋਈ ਵੀ ਡੇਰੇ ਦਾ ਸੇਵਾਦਾਰ ਪਾ ਸਕਦਾ ਸੀ ਪਰ ਭਾਈ ਸਾਹਿਬ ਆਪ ਹਾਜ਼ਰ ਹੋਏ ਤੇ ਸਤਿਕਾਰ ਨਾਲ ਸਿਰੋਪਾ ਦਿੱਤਾ।

ਇਸ ਨਿਰਵੈਰ ਵਤੀਰੇ ਨੂੰ ਵੇਖ ਕੇ ਸ੍ਰ: ਮੋਹਨ ਸਿੰਘ ਦਾ ਮਨ ਪਸੀਜ ਗਿਆ ਉਹ ਭਾਈ ਸਾਹਿਬ ਦੇ ਚਰਨਾਂ ਤੇ ਡਿੱਗ ਪਿਆ । ਪਛਤਾਵਾ ਕੀਤਾ ਤੇ ਪਿੱਛੇ ਹੋਈ ਦੀ ਖਿਮਾ ਮੰਗੀ । ਹੁਣ ਉਹ ਵੈਰ-ਵਿਰੋਧ ਭੁੱਲਾ ਕੇ ਆਪ ਜੀ ਦਾ ਅਨਿੰਨ ਸੇਵਕ ਬਣ ਗਿਆ।

ਆਤਮ ਬਲ :- ਲੰਗਰ ਵਿੱਚ ਇੱਕ ਦਿਨ ਲੱਗਭੱਗ ਸਾਰੇ ਡੇਰੇ ਵਿੱਚ ਰਹਿਣ ਵਾਲੇ ਲੋਕ ਮੌਜੂਦ ਸਨ । ਉਨ੍ਹਾਂ ਨੇ ਇੱਕ ਮਟਕੇ ਵਿੱਚ ਕਾਲਾ ਨਾਗ ਸ਼ੂਕਦਾ ਵੇਖਿਆ । ਭੈ-ਭੀਤ ਹੋਏ ਲੋਕ ਸੱਪ-ਸੱਪ ਦਾ ਰੌਲਾ ਪਾਉਣ ਲੱਗ ਪਏ। ਰੌਲਾ ਤਾਂ ਬੜਾ ਪਵੇ ਪਰ ਅੱਗੇ ਕੋਈ ਨਾ ਹੋਵੇ । ਸੱਪ ਆਪਣੀ ਥਾਂ ਤੇ ਚੌਕੰਨਾ ਹੋ ਕੇ ਸ਼ੂਕੀ ਜਾਵੇ । ਸ਼ੋਰ ਸੁਣ ਕੇ ਮਹੰਤ ਸਾਹਿਬ ਵੀ ਉਥੇ ਆ ਗਏ ਕਹਿਣ ਲੱਗੇ, "ਕਿਉਂ ਮੁਫ਼ਤ ਦੀ ਖੱਪ ਪਾਈ ਹੋਈ ਜੇ । ਐਵੇਂ ਕੋਈ ਕਾਲੀ ਰੱਸੀ ਹੋਵੇਗੀ।" ਫੇਰ ਜਾ ਮਟਕੇ ਵਿਚ ਹੱਥ ਪਾਇਆ ਤੇ ਰੱਸੀ ਬਾਹਰ ਕੱਢ ਕੇ ਸੁੱਟ ਦਿੱਤੀ ।

ਵਾਕਸਿੱਧੀ :- ਗੋਹਰ ਵਾਲੇ ਪਿੰਡ ਵਿੱਚ ਸਿੱਖ ਲੰਗਰ ਲਈ ਲੱਕੜਾਂ ਵੱਢ ਕੇ ਲਿਆਉਂਦੇ ਸਨ । ਪਿੰਡ ਦਾ ਮੁਸਲਮਾਨ ਨੰਬਰਦਾਰ ਕਹਿਣ ਲੱਗਾ, "ਸਿੱਖੋ ! ਤੁਹਾਡੇ ਪੀਰ ਨੂੰ ਮੈਂ ਤਦ ਮੰਨਾਂਗਾ ਜੇਕਰ ਉਹ ਮੇਰੀ ਕਾਮਨਾ ਪੂਰੀ ਕਰ ਦੇਵੇ ।" ਉਹ ਸੰਤਾਨਹੀਣ ਸੀ ਤੇ ਇਕ ਪੁੱਤਰ ਦੀ ਦਾਤ ਲੈਣਾ ਚਾਹੁੰਦਾ ਸੀ । ਸਿੱਖਾਂ ਨੇ ਕਿਹਾ, "ਤੂੰ ਦਰਸ਼ਨ ਤੇ ਜਾਕੇ ਕਰ, ਮੁਰਾਦ ਵੀ ਪੂਰੀ ਹੋ ਜਾਵੇਗੀ ।"

ਇੱਕ ਦਿਨ ਉਸ ਨੇ ਨੂਰਪੁਰ ਪੁੱਜ ਕੇ ਮਹੰਤ ਸਾਹਿਬ ਨੂੰ ਮੱਥਾ ਟੇਕਿਆ । ਮਹੰਤ ਸਾਹਿਬ ਬੋਲੇ, "ਆ ਬਈ ਨੰਬਰਦਾਰਾ, ਆ ਗਿਆ ਹੈਂ ਨਾ ਆਖ਼ਰ ।" ਫੇਰ ਪਿੱਠ ਤੇ ਜੋਰ ਨਾਲ ਦੋ ਥਾਪੜੇ ਦਿੱਤੇ ਤੇ ਆਖਿਆ, "ਜਾਹ ਤੈਨੂੰ ਰੱਬ ਦੋ ਪੁੱਤਰ ਦੇਵੇਗਾ ਪਰ ਫ਼ਕੀਰਾਂ ਨੂੰ ਅਜ਼ਮਾਉਣਾ ਚੰਗਾ ਨਹੀਂ ਹੁੰਦਾ ।"

ਸਮਾਂ ਪਾ ਕੇ ਉਸ ਦੇ ਘਰ ਦੋ ਪੁੱਤਰ ਹੋਏ । ਉਹ ਪਾਕਿਸਤਾਨ ਬਣਨ ਤੱਕ ਹਰ ਸਾਲ ਯੱਗ-ਸਮਾਗਮ ਉੱਤੇ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਆਉਂਦਾ ਰਿਹਾ । ਸਾਨੂੰ ਇਸ ਤੋਂ ਮਗਰੋਂ ਦਾ ਪਤਾ ਨਹੀਂ, ਸ਼ਾਇਦ ਹੁਣ ਵੀ ਆਉਂਦਾ ਹੋਵੇ ।

ਸਹਿਨਸ਼ਕਤੀ :-ਸੰਨ 1935 ਵਿੱਚ ਉਨ੍ਹਾਂ ਦੀ ਖੱਬੀ ਲੱਤ ਤੇ ਡਾਇਬੈਟਿਕ ਕਾਰਬੰਕਲ ਨਿਕਲ ਆਇਆ । ਇਸ ਦਾ ਇਲਾਜ ਲਾਇਲਪੁਰ (ਪਾਕਿਸਤਾਨ) ਵਿੱਚ ਡਾਕਟਰ ਫੌਜਾ ਸਿੰਘ, ਡਾਕਟਰ ਕ੍ਰਿਸ਼ਨ ਸਿੰਘ ਤੇ ਡਾਕਟਰ ਰਾਜਿੰਦਰ ਸਿੰਘ ਜੀ ਨੇ ਰਲ ਕੇ ਕੀਤਾ। ਉਪਰੇਸ਼ਨ ਕਰਨਾ ਸੀ । ਬੋਤਲ ਸੁੰਘਾ ਕੇ ਬੇਹੋਸ਼ ਕਰਨ ਦਾ ਵਿਚਾਰ ਕਰ ਰਹੇ ਸਨ, ਪਰ ਮਹੰਤ ਸਾਹਿਬ ਨੇ ਵਰਜ ਦਿੱਤਾ ਕਹਿਣ ਲੱਗੇ "ਬੋਤਲ ਸੁੰਘਾਣ ਦੀ ਲੋੜ ਨਹੀਂ, ਇਹ ਲੱਤ ਪਈ ਹੈ ਤੁਸੀਂ ਜੋ ਚੀਰ-ਫਾੜ ਕਰਨੀ ਹੈ ਕਰ ਲਵੋ । ਜੇਕਰ ਮੇਰੇ ਮੂੰਹੋਂ ਹਾਏ ਜਾਂ ਸੀ ਨਿਕਲੀ ਤਾਂ ਮੈਨੂੰ ਸਾਧ ਨਾ ਕਹਿਣਾ ।" ਬਿਨਾਂ ਬੋਤਲ ਸੁੰਘਾਏ ਜਾਂ ਬੇਹੋਸ਼ ਕੀਤੇ 9 ਇੰਚ ਲੰਬਾ ਤੇ ਢਾਈ ਇੰਚ ਚੌੜਾ ਉਪਰੇਸ਼ਨ ਹੋਇਆ । ਜ਼ਖ਼ਮ ਤੇ ਪੱਟੀ ਬੱਝ ਗਈ ਪਰ ਉਫ ਨਾ ਕੀਤੀ । ਸਾਰਾ ਸਮਾਂ ਆਪ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ ।

ਭਵਿੱਖਬਾਣੀ :- ਸੰਨ 1942 ਈ. ਵਿੱਚ ਆਪ ਮਾਲਵੇ ਦੇਸ਼ ਵਿਚ ਆਏ ਤੇ ਲੱਖੀ-ਜੰਗਲ ਵਿੱਚ ਕਿਆਮ ਕੀਤਾ । ਲੋਕਾਂ ਨੇ ਬੇਨਤੀ ਕੀਤੀ "ਮਹਾਰਾਜ ਇਸ ਇਲਾਕੇ ਵਿੱਚ ਵੀ ਸਿੱਖੀ ਸਿੰਚਾਰ ਕਰਨ ਦੀ ਲੋੜ ਹੈ । ਇੱਥੇ ਵੀ ਨਾਮ, ਬਾਣੀ ਤੇ ਸੇਵਾ ਦਾ ਪਰਵਾਹ ਚੱਲਣਾ ਚਾਹੀਦਾ ਹੈ । ਇਧਰ ਵੀ ਡੇਰੇ ਦੀ ਕੋਈ ਸ਼ਾਖਾ ਕਾਇਮ ਕਰੋ ।

ਹੱਸ ਕੇ ਕਹਿਣ ਲੱਗੇ, "ਸ਼ਾਖਾ ਕੀ ਖੋਲ੍ਹਣੀ ਹੈ, ਡੇਰਾ ਹੀ ਬਣੇਗਾ ।"

ਉਨ੍ਹਾਂ ਦੀ ਇਹ ਭਵਿੱਖ-ਬਾਣੀ ਦੀ ਪੂਰਤੀ ਅੱਜ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ ਤੋਂ ਪ੍ਰਤੱਖ ਹੈ ।

ਸੰਨ 1940 ਈ: ਦੀ ਗੱਲ ਹੈ, ਮਹੰਤ ਸਾਹਿਬ ਭਾਈ ਤੀਰਥ ਸਿੰਘ ਜੀ, ਜੋ ਉਸ ਸਮੇਂ ਕੋਈ ਪੰਦਰਾਂ ਕੁ ਸਾਲ ਦੇ ਸਨ, ਕੇਸੀ ਇਸ਼ਨਾਨ ਕਰਕੇ ਇੱਕ ਪੀੜ੍ਹੀ ਤੇ ਬੈਠੇ ਇੱਕ ਪਰਾਂਤ ਵਿੱਚ ਪਏ ਸਾਬਣ ਘੁਲੇ ਪਾਣੀ ਵਿਚ ਪੈਰ ਡੋਬ ਕੇ ਝਾਵੇਂ ਨਾਲ ਪੈਰਾਂ ਦੀ ਮੈਲ ਉਤਾਰ ਰਹੇ ਸਨ । ਨੰਬਰਦਾਰ ਤੇ ਜੈਲਦਾਰ ਸ੍ਰ: ਜਵਾਹਰ ਸਿੰਘ ਆਏ ਤੇ ਚਰਨ-

ਬੰਦਨਾ ਕਰਕੇ ਮਹੰਤ ਸਾਹਿਬ ਪਾਸ ਬੈਠ ਗਏ ਤੇ ਕਹਿਣ ਲੱਗੇ, "ਡੇਰੇ ਦਾ ਕਾਰੋਬਾਰ ਤੇ ਪਸਾਰਾ ਹੁਣ ਬਹੁਤ ਵੱਧ ਗਿਆ ਹੈ। ਸਮਾਂ ਮੰਗ ਕਰ ਰਿਹਾ ਹੈ ਕਿ ਹੁਣ ਤੁਹਾਡਾ ਚੇਲਾ ਕੋਈ ਚੰਗਾ ਪੜ੍ਹਿਆ ਲਿਖਿਆ ਹੋਵੇ ਤੇ ਡੇਰੇ ਦਾ ਕਾਰੋਬਾਰ ਚੰਗੀ ਤਰ੍ਹਾਂ ਸੰਭਾਲ ਸਕੇ ।"

ਮਹੰਤ ਸਾਹਿਬ ਮੁਸਕਰਾ ਕੇ ਕਹਿਣ ਲੱਗੇ, "ਪੜ੍ਹਾਈਏ ਕਿਸ ਨੂੰ ?" ਨੰਬਰਦਾਰ ਕਹਿਣ ਲੱਗਾ, "ਅਹਿ ਮੁੰਡਾ ਜੋ ਤੁਹਾਡੇ ਕੋਲ ਬੈਠਾ ਸੇਵਾ ਕਰ ਰਿਹਾ ਹੈ ਇਸਨੂੰ ਪੜ੍ਹਾਉ।" ਕਹਿਣ ਲੱਗੇ, "ਆਪੇ ਪੜ੍ਹ ਜਾਵੇਗਾ" ਨੰਬਰਦਾਰ ਨੇ ਫਿਰ ਕਿਹਾ, "ਅੰਗਰੇਜ਼ੀ ਵੀ ਪੜ੍ਹਾਉ। ਸਮਾਂ ਮੰਗ ਕਰਦਾ ਹੈ" ਬੋਲੇ, "ਅੰਗਰੇਜ਼ੀ ਵੀ ਪੜ੍ਹ ਜਾਵੇਗਾ ।" ਉਨ੍ਹਾਂ ਇਹ ਵੀ ਆਖਿਆ ਕਿ ਉਹ ਹੁਣ ਸਕੂਲ ਕਾਲਜ ਤੇ ਹਸਪਤਾਲ ਬਣਾਨ ਵੱਲ ਧਿਆਨ ਦੇਣ। ਮਹੰਤ ਸਾਹਿਬ ਨੇ ਉੱਤਰ ਦਿੱਤਾ, ਸਾਥੋਂ ਤਾਂ ਚੱਲ ਨਹੀਂ ਸਕਣੇ ਇਹ ਚਲਾਏਗਾ ।"

ਇਹ ਭਵਿੱਖ-ਬਾਣੀ ਇੰਨ-ਬਿੰਨ ਪ੍ਰਤੱਖ ਹੋਈ ਹੈ ਤੇ ਇਸ ਵੇਲੇ ਡੇਰੇ ਵਿੱਚ ਇਹ ਤਿੰਨੇ ਚੀਜ਼ਾਂ ਤੇ ਹੋਰ ਵੀ ਕਈ ਕੁਝ ਸਫਲਤਾ ਨਾਲ ਚੱਲ ਰਿਹਾ ਹੈ ।

ਦੱਸਣਯੋਗ ਤਾਂ ਹੋਰ ਵੀ ਕਈ ਕੁੱਝ ਹੈ ਪਰ ਇਸ ਲੇਖ ਵਿੱਚ ਬਹੁਤ ਕੁਝ ਦੱਸਣ ਦੀ ਗੁੰਜਾਇਸ਼ ਨਹੀਂ । ਭਾਈ ਸਾਹਿਬ ਫਤਿਹ ਸਿੰਘ ਜੀ ਨੇ ਆਪ ਜੀ ਦੀ ਜੀਵਨੀ ਤੇ ਇੱਕ ਵਿਸ਼ੇਸ਼ ਟ੍ਰੈਕਟ ਲਿਖਿਆ ਸੀ ।

**ਦੇਸ਼ ਵੰਡ ਤੇ ਪਾਕਿਸਤਾਨ ਬਣਨ ਸਮੇਂ :-** ਦੇਸ਼ ਵੰਡ ਤੇ ਪਾਕਿਸਤਾਨ ਬਣਨ ਸਮੇ ਬੜੀ ਹਨੇਰ-ਗਰਦੀ ਮੱਚੀ। ਉਹ ਹਿੰਦੂ-ਮੁਸਲਮਾਨ ਜੋ ਸਕੇ ਵੀਰਾਂ ਵਾਂਗ ਮਿਲਵਰਤਨੀਏ ਸਨ, ਦੇ ਸਿਰ ਤੇ ਮਜ਼ਬੀ ਜਨੂਨ ਭੂਤ ਬਣ ਕੇ ਸਵਾਰ ਹੋ ਗਿਆ । ਹਿੰਦੂ ਮੁਸਲਮਾਨ ਇੱਕ ਦੂਜੇ ਦੇ ਰੱਤ ਪੀਣ ਦੇ ਵੈਰੀ ਬਣ ਗਏ। ਸ਼ਹਿਰਾਂ ਵਿੱਚ ਅੱਗਾਂ ਲੱਗਦੀਆਂ ਤੇ ਪਿੰਡਾਂ ਦੇ ਉਜਾੜੇ ਹੋਣੇ ਸ਼ੁਰੂ ਹੋ ਗਏ ਦੇਸ਼ ਦੀ ਵੰਡ ਨਾਲ ਹਿੰਦੂ ਤੇ ਮੁਸਲਮਾਨ ਵੀ ਵੰਡੇ ਗਏ । ਹਿੰਦੂਆਂ ਦੇ ਹਿੱਸੇ ਆਇਆ ਦੇਸ਼, ਭਾਰਤ ਅਖਵਾਇਆ ਤੇ ਮੁਸਲਮਾਨਾਂ ਨੇ ਆਪਣੇ ਹਾਸਲ ਕੀਤੇ ਹਿੱਸੇ ਨੂੰ ਪਾਕਿਸਤਾਨ ਆਖਿਆ। ਨੂਰਪੁਰ ਦਾ ਇਲਾਕਾ ਚੂੰਕਿ ਮੁਸਲਮਾਨ ਬਹੁ ਗਿਣਤੀ ਦਾ ਇਲਾਕਾ ਸੀ ਇਸ ਲਈ ਪਾਕਿਸਤਾਨੀ ਇਲਾਕਾ ਕਰਾਰ ਦਿੱਤਾ ਗਿਆ । ਇਸ ਲਈ ਮੁਸਲਮਾਨਾਂ ਨੇ ਹਿੰਦੂਆਂ ਪਾਸੋਂ ਮਾਲ-ਧਨ ਤੇ ਜਨ ਦੀ ਖੋਹਾ-ਖਾਹੀ, ਮਾਰ-ਕੁਟਾਈ ਤੇ ਲੁੱਟ-ਲੁਟਾਈ ਸ਼ੁਰੂ ਕਰ ਦਿੱਤੀ । ਅਜਿਹੇ ਜੁਗ-ਗਰਦੀ ਦੇ ਭਿਆਨਕ ਸਮੇਂ ਲਗਭਗ ਪੰਜ ਹਜ਼ਾਰ ਹਿੰਦੂ-ਸਿੱਖਾਂ ਨੇ ਟਿਕਾਣਾ ਸਾਹਿਬ ਵਿੱਚ ਆ ਪਨਾਹ ਲਈ ।

ਮਹਾਂਪੁਰਸ਼ਾਂ ਨੇ ਦਿੱਬ-ਦ੍ਰਿਸ਼ਟੀ ਨਾਲ ਆਉਣ ਵਾਲੇ ਸਮੇਂ ਨੂੰ ਪਹਿਲਾਂ ਹੀ ਪੂਰੀ ਤਰ੍ਹਾਂ ਅਨੁਭਵ ਕਰ ਲਿਆ ਸੀ । ਇਸ ਕਰਕੇ ਕਈ ਮਹੀਨਿਆਂ ਲਈ ਤੇ ਹਜ਼ਾਰਾਂ ਪਨਾਹਗੀਰਾਂ ਨੂੰ ਲੰਗਰ ਛਕਾਣ ਲਈ ਅਨਾਜ ਦੇ ਭੰਡਾਰ ਭਰ ਰੱਖੇ ਸਨ । ਸਮਾਂ ਬਣਨ ਤੇ ਸੰਗਤਾਂ ਨੂੰ ਆਖਿਆ, "ਪੀਹੋ, ਪਕਾਉ ਤੇ ਛਕੋ ਛਕਾਉ ।" ਪੌਣੇ ਦੋ ਮਹੀਨੇ ਲੰਗਰ ਚੱਲਦੇ ਰਹੇ । ਆਖਿਰ ਲਾਰੀਆਂ ਆਈਆਂ ਤੇ ਪਨਾਹਗੀਰ ਸੰਗਤਾਂ ਨੂੰ ਸਰਗੋਧੇ ਲੈ ਗਈਆਂ । ਆਪ ਸਾਰੀਆਂ ਸੰਗਤਾਂ ਨੂੰ ਸਰਗੋਧੇ ਤੋਰ ਸਭ ਤੋਂ ਅਖੀਰ ਲਾਰੀ ਵਿੱਚ ਬੈਠੇ । ਇਨ੍ਹਾਂ ਪੌਣੇ ਦੋਹਾਂ ਮਹੀਨਿਆਂ ਵਿੱਚ ਵੈਰੀ ਜਹਾਦੀਆਂ ਨੇ ਡੇਰੇ ਤੱਕ ਪੁੱਜਣ ਦਾ ਹੀਆ ਕਈ ਵੇਰ

ਕੀਤਾ, ਪਰ ਡੇਰੇ ਤੋਂ ਦੋ ਸੌ ਕਦਮ ਦੂਰ ਤੱਕ ਆ ਕੇ ਮੁੜ ਜਾਂਦੇ ਰਹੇ । ਸੁਣਨ ਵਿੱਚ ਆਇਆ ਕਿ ਇਸ ਤੋਂ ਅੱਗੇ ਆਉਣ ਲੱਗਿਆ ਉਨ੍ਹਾਂ ਨੂੰ ਝੁਲਸਾਊ ਸੇਕ ਲੱਗਦਾ ਸੀ ਤੇ ਉਹ ਤੋਬਾ-ਤੋਬਾ ਕਰਦੇ ਪਿੱਛੇ ਹੱਟ ਜਾਂਦੇ ਸਨ । ਸਰਗੋਧੇ ਕੈਂਪ ਵਿੱਚ ਸਮਾਂ ਪੰਜ ਦਿਨ ਹੀ ਰਹੇ ਹੋਣਗੇ ਕਿ ਸੰਗਤਾਂ ਨੂੰ ਲੈਣ ਲਈ 24 ਲਾਰੀਆਂ, ਸ਼੍ਰੀ ਅੰਮ੍ਰਿਤਸਰ ਜੀ ਤੋਂ ਆਈਆਂ । ਮਹੰਤ ਹੀਰਾ ਸਿੰਘ ਜੀ (ਸ਼ਾਹਪੁਰ) ਤੇ ਜ਼ੋਰ ਦੇਣ ਤੇ ਆਪ ਸੰਗਤਾਂ ਸਣੇ ਸ਼੍ਰੀ ਅੰਮ੍ਰਿਤਸਰ ਪੁੱਜ ਗਏ । ਰਾਹ ਵਿੱਚ ਕਿਸੇ ਤਰ੍ਹਾਂ ਦੀ ਕੋਈ ਦੁਰਘਟਨਾ ਨਾ ਵਾਪਰੀ ।

ਪਹਿਲਾਂ ਅੰਮ੍ਰਿਤਸਰ ਮਹੰਤ ਭਾਈ ਜਵਾਹਰ ਸਿੰਘ ਜੀ ਦੇ ਟਿਕਾਣੇ ਤੇ ਕੁਝ ਚਿਰ ਟਿਕੇ ਤੇ ਫਿਰ ਅੰਬਾਲਾ ਆਦਿ ਥਾਵਾਂ ਵਿੱਚ ਵਿਚਰਦੇ-ਵਿਚਰਦੇ ਗੋਨਿਆਣਾ ਮੰਡੀ ਵਿੱਚ ਆ ਝੰਡਾ ਗੱਡਿਆ । ਥਾਂ ਮੁੱਲ ਲੈ ਕੇ ਇੱਥੇ ਟਿਕਾਣਾ ਕਾਇਮ ਕੀਤਾ । ਵੈਸਾਖੀ ਤੇ ਸ਼੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਮੇਲਿਆਂ ਲਈ ਗਏ, ਸਰੋਵਰ ਵਿੱਚ ਇਸ਼ਨਾਨ ਕੀਤਾ, ਸ਼੍ਰੀ ਮਹੰਤ ਜਵਾਹਰ ਸਿੰਘ ਜੀ ਦੇ ਟਿਕਾਣੇ ਤੇ ਟਿਕੇ । ਸਰੀਰਕ ਖੇਚਲ ਕਰਕੇ ਇਲਾਜ ਤਾਂ ਬਥੇਰੇ ਕੀਤੇ ਪਰ ਜੋ ਧੁਰੋਂ ਸੱਦਾ ਆ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ ।

ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ ॥
ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ॥੨੧॥

ਅਕਾਲ ਪੁਰਖ ਜੀ ਦੇ ਅਟੱਲ ਹੁਕਮ ਅਨੁਸਾਰ ਸੱਦਾ ਆ ਗਿਆ ਤੇ 8 ਵੈਸਾਖ ਸੰਮਤ 2007 ਮੁਤਾਬਿਕ 21 ਅਪ੍ਰੈਲ 1950 ਨੂੰ ਸਰੀਰਕ ਬਾਣਾ ਤਿਆਗ ਕੇ ਪ੍ਰਭੂ ਪੁਰ ਪਯਾਨੇ ਕਰ ਗਏ । ਜੋਤ ਪਰਮ ਜੋਤ ਵਿਚ ਮਿਲ ਗਈ ਜਿਵੇ :

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥੮॥੧੧॥

ਸਰੀਰਕ ਯਾਤਰਾ ਮਰਯਾਦਾ ਅਨੁਸਾਰ ਸੰਪੂਰਣ ਹੋਣ ਤੇ ਡੇਰੇ ਨਾਲ ਸਾਰੇ ਸੰਬੰਧਿਤ ਸਾਧ ਗੋਨਿਆਣਾ ਮੰਡੀ ਪਰਤ ਗਏ ਤੇ ਸਤਾਰ੍ਹਵਾਂ ਆਪਦੇ ਡੇਰੇ ਤੇ ਗੋਨਿਆਣਾ ਮੰਡੀ ਵਿੱਚ ਹੀ ਕੀਤਾ । ਇਸ ਮੌਕੇ ਸੇਵਾ ਪੰਥੀ ਸੰਪ੍ਰਦਾਇ ਦੇ ਪ੍ਰਧਾਨ ਮਹੰਤ ਭਾਈ ਨਿਸ਼ਚਲ ਸਿੰਘ ਜੀ ਪਟਨੇ ਸਨ, ਉਨ੍ਹਾਂ ਨੂੰ ਤਾਰ ਦੇ ਕੇ ਬੁਲਾਇਆ ਗਿਆ । ਹੋਰ ਸਮੂਹ ਸੇਵਾ ਪੰਥੀ ਟਿਕਾਣਿਆਂ ਦੇ ਮਹੰਤ ਸਾਹਿਬਾਨ ਨੇ ਵੀ ਸ਼ਮੂਲੀਅਤ ਕੀਤੀ ਅਤੇ ਹੋਰ ਬੇਅੰਤ ਸਾਧਾਂ-ਸੰਤਾਂ ਤੇ ਸੰਗਤਾਂ ਨੇ ਦਰਸ਼ਨ ਦਿੱਤੇ । ਸਮੂਹ ਸੇਵਾ ਪੰਥੀ ਭੇਖ ਵਿੱਚ ਆਏ ਸਾਧ-ਸੰਤਾਂ ਤੇ ਸੰਗਤਾਂ ਨੇ ਸਰਬ-ਸੰਮਤੀ ਨਾਲ ਆਪ ਜੀ ਦੇ ਮੁਖੀ ਚੇਲੇ ਭਾਈ ਆਸਾ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਸੌਂਪੀ ਤੇ ਦੂਜੇ ਚੇਲੇ ਭਾਈ ਹਰੀ ਸਿੰਘ ਜੀ ਨੂੰ ਜਮੀਨਾਂ ਦੇ ਪ੍ਰਬੰਧ ਤੇ ਹੋਰ ਸੇਵਾ ਲਈ ਉਨ੍ਹਾਂ ਸਲਾਹਕਾਰ ਅਥਵਾ ਵਜ਼ੀਰ ਮੁਕੱਰਰ ਕੀਤਾ । ਮਹੰਤ ਆਸਾ ਸਿੰਘ ਜੀ, ਭਾਈ ਹਰੀ ਸਿੰਘ ਜੀ ਤੁ ਭਾਈ ਜਮੀਤ ਸਿੰਘ ਜੀ ਮਿਲ ਕੇ ਲਗਾਤਾਰ ਡੇਰੇ ਦੀ ਮਰਯਾਦਾ ਤੇ ਸੇਵਾ ਨੂੰ ਸਫਲਤਾ ਨਾਲਾ ਨਿਭਾਉਂਦੇ ਰਹੇ । ਮਹੰਤ ਭਾਈ ਗੁਲਾਬ ਸਿੰਘ ਜੀ ਦੇ ਜੋਤੀ-ਜੋਤਿ ਸਮਾ ਜਾਣ ਦੇ ਪੂਰੇ ਸਾਢੇ ਤਿੰਨ ਸਾਲ ਬਾਅਦ ਮਹੰਤ ਆਸਾ ਸਿੰਘ ਜੀ ਨੇ 20 ਅੱਸੂ 2010 ਸੰਮਤ ਨੂੰ ਡੇਰੇ ਵਿੱਚ ਹਰਿਮੰਦਰ ਸਾਹਿਬ ਦੇ ਦਰਬਾਰ ਹਾਲ ਦੀ ਨੀਂਹ ਰੱਖੀ ਜੋ ਇਸ ਵੇਲੇ ਬੜੀ ਸੁੰਦਰ ਸ਼ੋਭਾ ਪਾ ਰਿਹਾ ਹੈ ।

# ਸੰਤ ਭੁਪਿੰਦਰ ਸਿੰਘ ਜੀ ਸੇਵਾ-ਪੰਥੀ

-ਕਰਨੈਲ ਸਿੰਘ ਐਮ.ਏ

ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' ਦਾ ਜਨਮ 3 ਜੁਲਾਈ 1979 ਈ: (ਸੰਮਤ 2036)ਨੂੰ ਸ੍ਰ: ਮੋਹਨ ਸਿੰਘ ਦੇ ਗ੍ਰਹਿ ਮਾਤਾ ਸਤਨਾਮ ਕੌਰ ਦੀ ਕੁੱਖੋਂ ਪਿੰਡ ਪਵਾਤ ਤਹਿਸੀਲ ਸਮਰਾਲਾ ਜ਼ਿਲਾ ਲੁਧਿਆਣਾ ਵਿਖੇ ਹੋਇਆ ਬਚਪਨ ਤੋਂ ਹੀ ਆਪ ਨੂੰ ਬਾਣੀ ਦੀ ਲਗਨ ਸੇਵਾ ਤੇ ਕੀਰਤਨ ਦਾ ਸ਼ੌਕ ਸੀ। ਆਪ ਬਚਪਨ ਵਿੱਚ ਹੀ ਆਪਣੇ ਚਾਚਾ ਸ੍ਰੀਮਾਨ 108 ਮਹੰਤ ਤੀਰਥ ਸਿੰਘ ਜੀ ਸੇਵਾ ਪੰਥੀ ਜੋ ਸੇਵਾ ਪੰਥੀ ਅੱਡਣਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਦੇ ਪ੍ਰਧਾਨ ਤੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਦੀ ਨਾਦੀ ਬੰਸਾਵਲੀ ਦੇ 12ਵੇਂ ਮੁੱਖ ਸਰਪ੍ਰਸਤ ਹਨ ਦੀ ਸ਼ਰਨ ਵਿੱਚ ਆ ਗਏ ਸਨ। ਮਹੰਤ ਤੀਰਥ ਸਿੰਘ ਜੀ ਨੇ ਹੀ ਇਨ੍ਹਾਂ ਨੂੰ ਪੜ੍ਹਾਇਆ-ਲਿਖਾਇਆ ਹੈ। ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਰਹਿੰਦਿਆਂ ਹੀ ਸੇਵਾ ਕਰਨ ਦੇ ਨਾਲ-ਨਾਲ ਵਿੱਦਿਆ ਪ੍ਰਾਪਤ ਕਰਦੇ ਰਹੇ।

ਸੰਤ ਭੁਪਿੰਦਰ ਸਿੰਘ ਨੇ ਗੁਰੂ ਨਾਨਕ ਫਿਫਥ ਸੈਂਟਰੀ ਸਕੂਲ ਮੰਸੂਰੀ,ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ,ਭਾਈ ਜਗਤਾ ਹਾਈ ਸਕੂਲ ਗੋਨਿਆਣਾ ਮੰਡੀ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਵਿੱਦਿਆ ਪ੍ਰਾਪਤ ਕੀਤੀ। ਡੇਰੇ ਵਿੱਚ ਆਈ ਸਾਧ-ਸੰਗਤ ਦੀ ਸੇਵਾ ਬੜੇ ਪਿਆਰ,ਸ਼ਰਧਾ ਤੇ ਸਤਿਕਾਰ ਨਾਲ ਕਰਦੇ ਸਨ। ਮਹੰਤ ਤੀਰਥ ਸਿੰਘ ਜੀ ਨੇ ਹੀ ਇਨ੍ਹਾਂ ਨੂੰ ਸੇਵਾ,ਸਿਮਰਨ ਦੀ ਗੁੜ੍ਹਤੀ ਦਿੱਤੀ। ਜਦੋਂ ਸੇਵਾ ਕਰਨ 'ਚ ਪੂਰੇ ਉਤਰਦੇ ਦਿਸੇ ਤਾਂ ਮਹੰਤ ਤੀਰਥ ਸਿੰਘ ਜੀ ਨੇ ਬ੍ਰਹਮ-ਗਿਆਨੀ ਭਾਈ ਜਗਤਾ ਰਾਮ ਜੀ ਦੇ 186 ਵੇਂ ਯੱਗ-ਭੰਡਾਰੇ ਦੇ ਸ਼ੁੱਭ ਅਵਸਰ ਤੇ 15 ਜਨਵਰੀ 1998 ਈ: ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ਼-ਵੰਸ਼ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ ਊਨਾਂ ਸਾਹਿਬ ਪਾਸੋਂ ਤਿਲਕ ਲਗਵਾ ਕੇ ਦਸਤਾਰ ਸਜਾਉਣ ਦੀ ਰਸਮ ਅਦਾ ਕੀਤੀ।

ਸੰਤ ਭੁਪਿੰਦਰ ਸਿੰਘ ਨੇ ਛੋਟੀ ਉਮਰ ਵਿੱਚ ਹੀ ਅਨੇਕਾਂ ਧਾਰਮਿਕ ਗ੍ਰੰਥਾਂ ਤੇ ਪੁਸਤਕਾਂ ਦਾ ਅਧਿਐਨ ਕੀਤਾ। ਸੰਤ ਜੀ ਨੇ ਸੇਵਾ ਤੇ ਕਥਾ ਕਰਨ ਦੇ ਨਾਲ-ਨਾਲ ਕੀਰਤਨ ਦੀ ਸਿਖਲਾਈ ਸੰਤ ਹਰਪਾਲ ਸਿੰਘ ਜੀ ਸੇਵਾ ਪੰਥੀ,ਭਾਈ ਅਜੀਤ ਸਿੰਘ ਜੀ ਤੇ ਸ੍ਰ:ਕਰਤਾਰ ਸਿੰਘ ਜੀ ਬਠਿੰਡਾ ਪਾਸੋਂ ਸੰਗੀਤ ਦੀ ਉਚੇਰੀ ਵਿੱਦਿਆ ਪ੍ਰਾਪਤ ਕੀਤੀ। ਮਹੰਤ ਤੀਰਥ ਸਿੰਘ ਜੀ ਦੀ ਸਰਪ੍ਰਸਤੀ ਹੇਠ ਛਪ ਰਹੇ 'ਭਾਈ ਘਨੱਈਆ ਸੇਵਾ ਜੋਤੀ' ਪੰਜਾਬੀ ਮਾਸਿਕ ਨੂੰ ਦੇਸ਼-ਵਿਦੇਸ਼ ਵਿੱਚ ਬਹੁਤ ਸ਼ਾਲਾਘਾ ਹੋਈ। ਸੰਤ ਭੁਪਿੰਦਰ ਸਿੰਘ ਜੀ ਦਫ਼ਤਰ ਵਰ-ਘਰ ਦੇ ਵੀ ਮੁੱਖ ਇੰਚਾਰਜ ਸਨ। ਮਹੰਤ ਤੀਰਥ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰਿਆਂ ਦਾ ਪ੍ਰਬੰਧ ਤੇ ਟਿਕਾਣਾ ਸਾਹਿਬ ਦੀਆਂ ਸੰਸਥਾਵਾਂ ਦੇ ਹਰ ਕੰਮ ਵਿੱਚ ਸੰਤ ਜੀ ਹੱਥ ਵਟਾਉਂਦੇ,ਸਹਿਯੋਗ ਦਿੰਦੇ ਤੇ ਅਗਵਾਈ ਕਰਦੇ ਸਨ।

ਸੰਤ ਭੁਪਿੰਦਰ ਸਿੰਘ ਜੀ ਨੇ ਭਾਈ ਘਨੱਈਆ ਚੌਕ (ਝੀਲਾਂ ਵਾਲੀ ਤਿਕੋਣੀ) ਬਠਿੰਡਾ ਸਥਾਪਿਤ ਕਰਨ ਸਮੇਂ ਦਿਨ-ਰਾਤ ਤਨ-ਮਨ ਨਾਲ ਸੇਵਾ ਕੀਤੀ। ਸੰਤ ਜੀ ਨੇ ਗੁਰਬਾਣੀ ਦਾ ਰਸ ਆਪ ਵੀ ਮਾਣਿਆ ਤੇ ਅਨੇਕਾਂ ਹੀ ਪ੍ਰਾਣੀਆਂ ਵਿੱਚ ਇਸ ਰਸ ਨੂੰ ਮਾਣਨ ਦਾ ਚਾਅ ਪੈਦਾ ਕੀਤਾ। ਸੇਵਾ ਪੰਥੀਆਂ ਦਾ ਅਨਮੋਲ ਰਤਨ,ਸੇਵਾ-ਸਿਮਰਨ,ਪਰਉਪਕਾਰ ਦੀ ਮੂਰਤ ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' 24 ਸਾਲ ਦੀ ਉਮਰ ਬਤੀਤ ਕਰਕੇ 17 ਅਪ੍ਰੈਲ 2003 ਈ: ਦਿਨ ਵੀਰਵਾਰ ਨੂੰ ਸਵੇਰੇ 7-15 ਵਜੇ ਗੁਰੂ ਚਰਨਾਂ ਵਿੱਚ ਅਭੇਦ ਹੋ ਗਏ।

# ਦਫ਼ਤਰ ਵਰ - ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਦਫਤਰ ਇੰਚਾਰਜ : ਸਿਲਵੰਤ ਕੌਰ

ਸੰਪਰਕ ਫ਼ੋਨ : 0164-2262051 (ਸਵੇਰੇ 9 ਤੋਂ ਸ਼ਾਮ 4 ਵਜੇ ਤੱਕ),

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ / ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀ-ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਸਿੱਖ ਮੱਕੜ, B.A.,(Govt. Job) ,26 ਸਾਲ 5' ਲੜਕੀ ਲਈ ਯੋਗ ਵਰ ਦੀ ਲੋੜ ਹੈ। (Old Box No. 1348)
2. ਅਰੋੜਾ ਸਿੱਖ ਮੱਕੜ, M.A., B.ed., 24 ਸਾਲ, 5' 1" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1364)
3. ਅਰੋੜਾ ਸਿੱਖ ਗਲਹੋਤਰਾ, B.Sc., 23 ਸਾਲ, 5' ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1365)
4. ਅਰੋੜਾ ਸਿੱਖ (Tinna), B.A., NTT Doing B.ed., 26 ਸਾਲ, 5'2" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1366)

## ਕੰਨਿਆ ਦੀ ਲੋੜ

1. ਅਰੋੜਾ ਸਿੱਖ ਘੁਲਿਆਣੀ, 9th Pass, 26 ਸਾਲ 5'6" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Old Box No. 3264)
2. ਹਿੰਦੂ ਮਹਾਜਨ ਪਰੂਥੀ, 24 ਸਾਲ, 6' ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3284)
3. ਅਰੋੜਾ ਹਿੰਦੂ ਗਾਂਧੀ, Matric., 31 ਸਾਲ, ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3285)
4. ਖੱਤਰੀ ਬੇਦੀ ,MCA Computer Course, 27 ਸਾਲ, 5'8" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3286)

ਸ੍ਰੀਮਾਨ ਮਹੰਤ ਕਾਹਨ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) 'ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਅਪ੍ਰੈਲ 2009 ਨੂੰ ਜਾਰੀ ਕੀਤਾ।

ਮਿਲੈ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥



# ਭਗਤ ਧੰਨਾ ਜੱਟ

(1415 ਤੋਂ 1475 ਈ:)

Bhai Kanhaiya Sewa Joti (Monthly) R.N.I. Regd. No. 046716/84
Postal Regd.No.BTI/003/2009-2011 Dt. 22-12-2008

## ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥
## Paraupkar Nit Chitwate Nahin Kachhu Poch II



Religious, charitable and educational institutions run under the benign Chairmanship of

# Mahant Kahan Singh Ji 'Sewa Panthi'

A true beacon of benevolence, Spiritual light and selfless-service to humanity

- Homeopathic Medical College & Hospital, Abohar
- Mahant Gopal Singh Institute of Competitions and employment, Patiala
- Sri Guru Harkrishan Public School, Bathinda (A CBSE Secondary School)
- Guru Tegh Bahadur Charitable Hospital, Ludhiana
- Guru Tegh Bahadur Khalsa Polytechnic, Chhapianwali, Malout
- Guru Tegh Bahadur Khalsa Engg. College, Chhapianwali, Malout

## Institutions Run at Tikana Bhai Jagta Ji, Goniana Mandi

- Bhai Asa Singh Girls Degree College (Pbi. Univ., Patiala)
- Bhai Asa Singh Girls Collegiate Secondary School
- Bhai Jagta Ji High School (Pb. School Edu. Board)
- Mata Tripta Charitable Trust (Regd.)
- Bhai Kanhaiya Sewa Society (Regd.)
- Guru Nanak Library
- Sewa Panthi Gurmat Vidyalaya
- Bhai Kanhaiya Turban Training Centre
- Bhai Kanhaiya Charitable Hospital
- Bhai Kanhaiya Charitable Trust (Regd.)
- Bhai Kanhaiya Sewa Jyoti (Punjabi Monthly)
- Bhai Sewa Ram Vichitrashala (Museum)
- Matrimonial Office

## Sewa Sathan Gurudwara's under Tikana Bhai Jagta Ji

- Gurudwara Bhai Jagta Ji, G.T. Road, Malout (Muktsar)
- Gurudwara Bhai Jagta Ji, Navin Nagar, Delhi Road, Saharanpur (U.P.)
- Gurudwara Bhai Jagta Ji, Basti Himmatpura, Jaito Mandi (Faridkot)
- Gurudwara Bhai Jagta Ji, Basti Dharampura, Budhlada (Mansa)
- Gurudwara Bhai Jagta Ji, Patel Road, Ambala (Haryana)
- Gurudwara Bhai Jagta Ji, Gali Bachan Singh Jaura, Bathinda
- Gurudwara Bhai Jagta Ji, Shri Guru Nanak Dev Ji Satsang Sabha, Kotkapura, Fdk.
- Gurudwara Bhai Jagta Ji, Near Sports Stadium, Bathinda
- Gurudwara Kanhaiya Nagar (Rly. Crossing), Goniana (Bathinda)
- Gurudwara Sant Bhai Suhel Singh Ji, Nai Basti, Goniana (Bathinda)